SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 224 | Friday, December 08, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਓਨਟਾਰੀਓ ਸਰਕਾਰ ਨਫਰਤ ਸਬੰਧੀ ਮਾਮਲਿਆਂ ਦੀ ਰੋਕਥਾਮ ਲਈ ਦੇਵੇਗੀ 20.5 ਮਿਲੀਅਨ ਡਾਲਰ




ਓਨਟਾਰੀਓ, 7 ਦਸੰਬਰ (ਪੋਸਟ ਬਿਊਰੋ) : ਨਫਰਤ ਨਾਲ ਸਬੰਧਤ ਮਾਮਲਿਆਂ ਦੀ ਰੋਕਥਾਮ ਲਈ ਓਨਟਾਰੀਓ ਸਰਕਾਰ ਧਰਮ ਤੇ ਕਲਚਰਲ ਗਰੁੱਪਜ਼ ਨੂੰ 20.5 ਮਿਲੀਅਨ ਡਾਲਰ ਦੀ ਵਾਧੂ ਮਦਦ ਦੇਣ ਜਾ ਰਹੀ ਹੈ। ਇਸ ਦੌਰਾਨ ਤਰਜੀਹ ਯਹੂਦੀ ਤੇ ਮੁਸਲਮਾਨ ਗਰੁੱਪਜ਼ ਨੂੰ ਦਿੱਤੀ ਜਾਵੇਗੀ।

ਇਹ ਫੰਡਿੰਗ ਉਨ੍ਹਾਂ 12.5 ਮਿਲੀਅਨ ਡਾਲਰਜ਼ ਤੋਂ ਵੱਖ ਹੈ ਜਿਹੜੀ ਸਰਕਾਰ ਵੱਲੋਂ ਪਹਿਲਾਂ ਹੀ ਐਂਟੀ ਹੇਟ ਸਕਿਊਰਿਟੀ ਐਂਡ ਪ੍ਰੀਵੈਨਸ਼ਨ ਗ੍ਰਾਂਟ ਦੇ ਪਹਿਲੇ ਗੇੜ ਵਜੋਂ 1400 ਗਰੁੱਪਸ ਨੂੰ ਮੁਹੱਈਆ ਕਰਵਾਈ ਜਾ ਚੁੱਕੀ ਹੈ। ਸਿਟੀਜ਼ਨਸ਼ਿਪ ਐਂਡ ਮਲਟੀਕਲਚਰਿਜ਼ਮ ਮੰਤਰੀ ਮਾਈਕਲ ਫੋਰਡ ਨੇ ਆਖਿਆ ਕਿ ਓਨਟਾਰੀਓ ਵਿੱਚ ਪਿਛਲੇ ਕੁੱਝ ਹਫਤਿਆਂ ਵਿੱਚ ਯਹੂਦੀਆਂ ਤੇ ਮੁਸਲਮਾਨਾਂ ਵਿਰੋਧੀ ਗਤੀਵਿਧੀਆਂ ਵਿੱਚ ਵਾਧਾ ਵੇਖਣ ਨੂੰ ਮਿਲਿਆ ਹੈ ਤੇ ਓਨਟਾਰੀਓ ਵਿੱਚ ਇਸ ਤਰ੍ਹਾਂ ਦੇ ਨਫਰਤ ਭਰੇ ਕਾਰਿਆਂ ਲਈ ਕੋਈ ਥਾਂ ਨਹੀਂ।

ਇਸ ਗ੍ਰਾਂਟ ਤਹਿਤ ਅਜਿਹੇ ਗਰੁੱਪਜ਼ ਨੂੰ 20,000 ਡਾਲਰ ਤੱਕ ਦੀ ਮਦਦ ਦਿੱਤੀ ਜਾਂਦੀ ਹੈ ਤਾਂ ਕਿ ਉਹ ਕਮਿਊਨਿਟੀ ਫੈਸਿਲੀਟੀਜ਼, ਸਿਨੇਗੌਗ, ਮਸਜਿਦਾਂ, ਸਕੂਲਾਂ ਤੇ ਚਾਈਲਡ ਕੇਅਰ ਸੈਂਟਰਾਂ ਨੂੰ ਗ੍ਰੈਫਿਟੀ, ਤੋੜ ਭੰਨ੍ਹ ਤੇ ਹੋਰਨਾਂ ਹੇਟ ਕ੍ਰਾਈਮ ਤਹਿਤ ਕੀਤੇ ਗਏ ਨੁਕਸਾਨ ਤੋਂ ਬਚਾਅ ਸਕਣ। ਇਹ ਪੈਸਾ ਸਕਿਊਰਿਟੀ ਸਟਾਫ ਨੂੰ ਹਾਇਰ ਕਰਨ, ਸਰਵੇਲੈਂਸ ਕੈਮਰੇ ਖਰੀਦਣ, ਸਕਿਊਰਿਟੀ ਦਾ ਮੁਲਾਂਕਣ ਕਰਵਾਉਣ, ਸਾਈਬਰਸਕਿਊਰਿਟੀ ਵਿੱਚ ਵਾਧਾ ਕਰਨ ਤੇ ਬਿਲਡਿੰਗਾਂ ਦੀ ਮੁਰੰਮਤ ਆਦਿ ਲਈ ਖਰਚਿਆ ਜਾ ਸਕਦਾ ਹੈ।

## ਇੰਟਰਨੈਸ਼ਨਲ ਮੈਡੀਕਲ ਗ੍ਰੈਜੂਏਟਸ ਲਈ ਐਪਲੀਕੇਸ਼ਨ ਪ੍ਰਕਿਰਿਆ ਨੂੰ ਤੇਜ਼ ਕਰਨ ਵਾਸਤੇ ਓਟਵਾ ਜਾਰੀ ਕਰੇਗਾ 2 ਮਿਲੀਅਨ ਡਾਲਰ




ਓਟਵਾ, 7 ਦਸੰਬਰ (ਪੋਸਟ ਬਿਊਰੋ) : ਕੈਨੇਡਾ ਵਿੱਚ ਕੰਮ ਕਰਨ ਦੇ ਚਾਹਵਾਨ ਇੰਟਰਨੈਸ਼ਨਲ ਮੈਡੀਕਲ ਗ੍ਰੈਜੂਏਟਸ ਲਈ ਐਪਲੀਕੇਸ਼ਨ ਪ੍ਰਕਿਰਿਆ ਨੂੰ ਤੇਜ਼ ਕਰਨ ਵਾਸਤੇ ਓਟਵਾ ਨੇ 2 ਮਿਲੀਅਨ ਡਾਲਰ ਦੇ ਨਵੇਂ ਫੰਡ ਜਾਰੀ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਵੀਰਵਾਰ ਨੂੰ ਕੀਤੇ ਗਏ ਐਲਾਨ ਵਿੱਚ ਹੈਲਥ ਵਰਕਰਜ਼ ਦੀ ਭਲਾਈ ਲਈ ਨੈਸ਼ਨਲ ਪਲੈਨ ਤਿਆਰ ਕਰਨ ਵਾਸਤੇ ਅਗਲੇ ਪੰਜ ਸਾਲਾਂ ਵਿੱਚ 3.5 ਮਿਲੀਅਨ ਡਾਲਰ ਵਾਧੂ ਖਰਚਣ ਦੀ ਯੋਜਨਾ ਵੀ ਫੈਡਰਲ ਸਰਕਾਰ ਨੇ ਬਣਾਈ ਹੈ।

ਇੱਕ ਨਿਊਜ਼ ਰਲੀਜ਼ ਵਿੱਚ ਸਿਹਤ ਮੰਤਰੀ ਮਾਰਕ ਹੌਲੈਂਡ ਨੇ ਆਖਿਆ ਕਿ ਹੈਲਥ ਕੇਅਰ ਵਰਕਰਜ਼ ਦੀਆਂ ਲੋੜਾਂ ਨੂੰ ਪੂਰਾ ਕਰਕੇ ਤੇ ਉਨ੍ਹਾਂ ਨੂੰ ਦਰਪੇਸ਼ ਚੁਣੌਤੀਆਂ ਨੂੰ ਖ਼ਤਮ ਕਰਕੇ ਅਸੀਂ ਕੈਨੇਡੀਅਨਜ਼ ਲਈ ਬਿਹਤਰ ਸਿਹਤ ਮੁਹੱਈਆ ਕਰਵਾ ਸਕਦੇ ਹਾਂ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੇ ਨਿਵੇਸ਼ ਨਾਲ ਕੈਨੇਡਾ ਭਰ ਦੇ ਸਮਰਪਿਤ ਹੈਲਥ ਵਰਕਰਜ਼ ਦਾ ਜਿੱਥੇ ਭਲਾ ਹੋਵੇਗਾ ਉੱਥੇ ਹੀ ਵਧੇਰੇ ਕੌਮਾਂਤਰੀ ਪੱਧਰ ਉੱਤੇ ਸਿੱਖਿਅਤ ਹੈਲਥ ਪ੍ਰੋਫੈਸ਼ਨਲਜ਼ ਆਪਣੇ ਹੁਨਰ ਤੇ ਤਜਰਬੇ ਦੇ ਆਧਾਰ ਉੱਤੇ ਕੈਨੇਡੀਅਨਜ਼ ਨੂੰ ਫਾਇਦਾ ਪਹੁੰਚਾ ਸਕਣਗੇ।

ਇਸ ਯੋਜਨਾ ਦੇ ਹਿੱਸੇ ਵਜੋਂ ਰੌਇਲ ਕਾਲਜ ਆਫ ਫਿਜ਼ੀਸ਼ੀਅਨਜ਼ ਐਂਡ ਸਰਜਨਜ਼ ਆਫ ਕੈਨੇਡਾ ਨੂੰ ਇੱਕ ਪ੍ਰੋਜੈਕਟ ਲਈ 1.5 ਮਿਲੀਅਨ ਡਾਲਰ ਦੇ ਨੇੜੇ ਤੇੜੇ ਰਕਮ ਮਿਲੇਗੀ, ਜਿਸ ਨਾਲ ਕੌਮਾਂਤਰੀ ਪੱਧਰ ਉੱਤੇ ਮੈਡੀਕਲ ਗ੍ਰੈਜੂਏਟਸ ਕੈਨੇਡਾ ਵਿੱਚ ਹੈਲਥ ਕੇਅਰ ਮੁਹੱਈਆ ਕਰਵਾਉਣ ਲਈ ਆਰਜ਼ੀ ਲਾਇਸੰਸ ਲੈਣ ਵਾਸਤੇ ਅਪਲਾਈ ਕਰਨਗੇ ਤੇ ਇਸ ਦੌਰਾਨ ਦੇਸ਼ ਵਿੱਚ ਪ੍ਰੈਕਟਿਸ ਕਰਨ ਲਈ ਆਈਆਂ ਉਨ੍ਹਾਂ ਦੀਆਂ ਅਰਜ਼ੀਆਂ ਦਾ ਮੁਲਾਂਕਣ ਕੀਤਾ ਜਾਵੇਗਾ।

ਇਸ ਤੋਂ ਇਲਾਵਾ 500,000 ਡਾਲਰ ਮੈਡੀਕਲ ਕਾਊਂਸਲ ਆਫ ਕੈਨੇਡਾ ਨੂੰ ਦਿੱਤੇ ਜਾਣਗੇ ਜਿਨ੍ਹਾਂ ਨਾਲ ਪੜ੍ਹਾਈ ਤੇ ਕੈਨੇਡੀਅਨ ਹੈਲਥ ਕੇਅਰ ਵਰਕਫੋਰਸ ਵਿੱਚ ਸ਼ਾਮਲ ਹੋਣ ਵਿੱਚ ਆਉਣ ਵਾਲੀਆਂ ਦਿੱਕਤਾਂ ਨੂੰ ਖ਼ਤਮ ਕੀਤਾ ਜਾਵੇਗਾ। ਰੌਇਲ ਕਾਲਜ ਆਫ ਫਿਜ਼ੀਸ਼ੀਅਨਜ਼ ਐਂਡ ਸਰਜਨਜ਼ ਆਫ ਕੈਨੇਡਾ ਨੂੰ ਵੀ 3.5 ਮਿਲੀਅਨ ਡਾਲਰ ਮੁਹੱਈਆ ਕਰਵਾਏ ਜਾਣਗੇ ਤਾਂ ਕਿ ਹੈਲਥ ਕੇਅਰ ਵਰਕਰਜ਼ ਦੀ ਭਲਾਈ ਨੂੰ ਪ੍ਰਮੋਟ ਕੀਤਾ ਜਾ ਸਕੇ ਤੇ ਵੱਡੀ ਪੱਧਰ ਉੱਤੇ ਕੰਮ ਛੱਡਣ ਵਾਲੇ ਮੁਲਾਜ਼ਮਾਂ ਨੂੰ ਵਰਕਫੋਰਸ ਨਾਲ ਜੋੜੀ ਰੱਖਿਆ ਜਾ ਸਕੇ।

## 6 ਮਹੀਨਿਆਂ ਤੋਂ ਲਾਪਤਾ ਚੀਨ ਦੇ ਸਾਬਕਾ ਵਿਦੇਸ਼ ਮੰਤਰੀ ਦੀ ਮੌਤ



ਬੀਜਿੰਗ, 7 ਦਸੰਬਰ (ਪੋਸਟ ਬਿਊਰੋ): 6 ਮਹੀਨਿਆਂ ਤੋਂ ਲਾਪਤਾ ਚੀਨ ਦੇ ਸਾਬਕਾ ਵਿਦੇਸ਼ ਮੰਤਰੀ ਕਵਿਨ ਗੇਂਗ ਦੀ ਮੌਤ ਹੋ ਗਈ ਹੈ। ਇਹ ਦਾਅਵਾ ਅਮਰੀਕੀ ਮੀਡੀਆ ਹਾਊਸ ਪੋਲੀਟਿਕੋ ਨੇ ਕੀਤਾ ਹੈ। ਰਿਪੋਰਟ ਵਿੱਚ ਕਵਿਨ ਦੀ ਮੌਤ ਦਾ ਕਾਰਨ ਖੁਦਕੁਸ਼ੀ ਜਾਂ ਤਸ਼ੱਦਦ ਵਜੋਂ ਸੂਚੀਬੱਧ ਕੀਤਾ ਗਿਆ ਹੈ। ਪੋਲੀਟਿਕੋ ਨੇ ਦੋ ਚੀਨੀ ਅਧਿਕਾਰੀਆਂ ਦੇ ਹਵਾਲੇ ਨਾਲ ਆਪਣੀ ਰਿਪੋਰਟ ਵਿੱਚ ਕਿਹਾ ਕਿ ਕਵਿਨ ਦੀ ਜੁਲਾਈ ਵਿੱਚ ਬੀਜਿੰਗ ਦੇ ਇੱਕ ਫੌਜੀ ਹਸਪਤਾਲ ਵਿੱਚ ਮੌਤ ਹੋ ਗਈ ਸੀ।

ਚੀਨ ਦੇ ਚੋਟੀ ਦੇ ਨੇਤਾਵਾਂ ਦਾ ਇਸ ਹਸਪਤਾਲ 'ਚ ਇਲਾਜ ਕੀਤਾ ਜਾਂਦਾ ਹੈ। ਦਰਅਸਲ, ਸ਼ੀ ਜਿਨਪਿੰਗ ਦੇ ਕਰੀਬੀ ਰਹੇ ਕਵਿਨ ਨੂੰ ਇਸ ਸਾਲ ਜੁਲਾਈ ਵਿੱਚ ਵਿਦੇਸ਼ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਉਸ 'ਤੇ ਜਾਸੂਸੀ ਦਾ ਵੀ ਦੋਸ਼ ਸੀ। ਇਹ ਮਾਮਲਾ ਅਜੇ ਜਾਂਚ ਅਧੀਨ ਹੈ।

ਵਾਲ ਸਟਰੀਟ ਜਰਨਲ ਦੀ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਕੁਇਨ ਦਾ ਚੀਨ ਦੀ ਮਸ਼ਹੂਰ ਟੀਵੀ ਐਂਕਰ ਫੂ ਜੀਆਓਟੀਅਨ ਨਾਲ ਅਫੇਅਰ ਸੀ, ਜਿਸ ਕਾਰਨ ਉਨ੍ਹਾਂ ਨੂੰ ਵਿਦੇਸ਼ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਮੀਡੀਆ ਰਿਪੋਰਟਾਂ ਮੁਤਾਬਕ ਇਸ ਐਂਕਰ ਨਾਲ ਕੁਇਨ ਦਾ ਇਕ ਬੇਟਾ ਵੀ ਹੈ, ਜੋ ਅਮਰੀਕੀ ਨਾਗਰਿਕ ਹੈ।

ਪੋਲੀਟਿਕੋ ਦੀ ਰਿਪੋਰਟ ਮੁਤਾਬਕ ਕੁਇਨ 'ਤੇ ਚੀਨ ਦੇ ਪ੍ਰਮਾਣੂ ਰਾਜ਼ ਅਮਰੀਕਾ ਨੂੰ ਵੇਚਣ ਦਾ ਦੋਸ਼ ਸੀ। ਪੋਲੀਟਿਕੋ ਨੇ ਚੀਨੀ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਕਿ ਗੇਂਗ ਦੇ ਨਾਲ ਸਾਬਕਾ ਰੱਖਿਆ ਮੰਤਰੀ ਲੀ ਸ਼ਾਂਗਫੂ ਅਤੇ ਚੀਨ ਦੇ ਰਾਕੇਟ ਫੋਰਸ ਕਮਾਂਡਰ ਲਿਊ ਯੂਚਾਓ ਵੀ ਇਸ ਵਿਚ ਸ਼ਾਮਿਲ ਸਨ। ਇਹ ਰਾਕੇਟ ਫੋਰਸ ਚੀਨ ਦੇ ਪਰਮਾਣੂ ਪ੍ਰੋਗਰਾਮ ਲਈ ਜ਼ਿੰਮੇਵਾਰ ਹੈ।

## ਅਮਰੀਕਾ ਵਿਚ ਲਾਸ ਵੇਗਾਸ ਯੂਨੀਵਰਸਿਟੀ ਵਿਚ ਚੱਲੀਆਂ ਗੋਲੀਆਂ, 3 ਦੀ ਮੌਤ



ਨਿਊਯਾਰਕ, 7 ਦਸੰਬਰ (ਪੋਸਟ ਬਿਊਰੋ): ਅਮਰੀਕਾ 'ਚ ਗੋਲੀਬਾਰੀ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਹਨ। ਤਾਜ਼ਾ ਮਾਮਲਾ ਅਮਰੀਕਾ ਦੇ ਲਾਸ ਵੇਗਾਸ ਦੀ ਨੇਵਾਡਾ ਯੂਨੀਵਰਸਿਟੀ ਵਿੱਚ ਵਾਪਰਿਆ ਹੈ। ਹਮਲਾਵਰ ਨੇ ਇੱਥੇ ਯੂਨੀਵਰਸਿਟੀ ਕੈਂਪਸ ਵਿੱਚ ਅੰਨ੍ਹੇਵਾਹ ਗੋਲੀਆਂ ਚਲਾਈਆਂ। ਇਸ ਗੋਲੀਬਾਰੀ ਵਿਚ 3 ਲੋਕਾਂ ਦੀ ਮੌਤ ਹੋ ਗਈ। ਉੱਥੇ ਇੱਕ ਵਿਅਕਤੀ ਜ਼ਖਮੀ ਹੋ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਲਾਸ ਵੇਗਾਸ ਪੁਲਿਸ ਨੇ ਕਿਹਾ ਕਿ ਸ਼ੱਕੀ ਹਮਲਾਵਰ ਦੀ ਮੌਤ ਹੋ ਗਈ ਹੈ।

ਲਾਸ ਵੇਗਾਸ ਸਿਟੀ ਪੁਲਿਸ ਵਿਭਾਗ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਸ਼ੱਕੀ ਨੂੰ ਕਾਬੂ ਕਰ ਲਿਆ ਗਿਆ ਹੈ ਅਤੇ ਉਹ ਮਰ ਗਿਆ ਹੈ। ਪੁਲਿਸ ਨੇ ਨਾਗਰਿਕਾਂ ਨੂੰ ਇਲਾਕੇ ਤੋਂ ਦੂਰ ਰਹਿਣ ਦੀ ਅਪੀਲ ਵੀ ਕੀਤੀ ਹੈ। ਇਸ ਘਟਨਾ 'ਤੇ ਵਾਸ਼ਿੰਗਟਨ ਤੋਂ ਇਕ ਬਿਆਨ ਆਇਆ ਹੈ। ਵਾਸ਼ਿੰਗਟਨ 'ਚ ਵ੍ਹਾਈਟ ਹਾਊਸ ਨੇ ਕਿਹਾ ਕਿ ਅਸੀਂ ਲਾਸ ਵੇਗਾਸ 'ਚ ਸਥਿਤੀ 'ਤੇ ਨਜ਼ਰ ਰੱਖ ਰਹੇ ਹਾਂ।

ਪੁਲਿਸ ਨੇ ਦੱਸਿਆ ਕਿ ਇਹ ਘਟਨਾ ਯੂਨੀਵਰਸਿਟੀ ਕੈਂਪਸ ਦੇ ਬੀਮ ਹਾਲ ਦੇ ਆਸ-ਪਾਸ ਵਾਪਰੀ, ਜਿਸ ਵਿੱਚ ਬਿਜ਼ਨਸ ਸਕੂਲ ਅਤੇ ਹੋਰ ਸਹੂਲਤਾਂ ਹਨ। ਹਾਲਾਂਕਿ ਪੀੜਤਾਂ ਦੀ ਹਾਲਤ ਬਾਰੇ ਤੁਰੰਤ ਜਾਣਕਾਰੀ ਨਹੀਂ ਮਿਲ ਸਕੀ ਹੈ। ਯੂਨੀਵਰਸਿਟੀ ਪ੍ਰਸ਼ਾਸਨ ਨੇ ਵੀ ਵਿਦਿਆਰਥੀਆਂ ਨੂੰ ਇੱਕ ਪੋਸਟ ਵਿੱਚ ਇਲਾਕਾ ਖਾਲ੍ਹੀ ਕਰਨ ਦੀ ਅਪੀਲ ਕੀਤੀ ਹੈ। ਪੁਲਿਸ ਅਧਿਕਾਰੀਆਂ ਨੇ ਬਾਅਦ ਵਿੱਚ ਕਿਹਾ ਕਿ ਕੈਂਪਸ ਵਿੱਚ ਕੋਈ ਹੋਰ ਖ਼ਤਰਾ ਨਹੀਂ ਹੈ। ਕਈ ਪੀੜਤਾਂ ਨੂੰ ਸਥਾਨਕ ਹਸਪਤਾਲਾਂ ਵਿੱਚ ਲਿਜਾਇਆ ਗਿਆ। ਜਾਂਚ ਜਾਰੀ ਹੈ। ਫਿਲਹਾਲ ਗੋਲੀਬਾਰੀ ਦੇ ਕਾਰਨਾਂ ਬਾਰੇ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ ਹੈ।

## ਸਨੋਅ ਹਟਾਉਣ ਵਾਲੀਆਂ ਫਰਾਡ ਕੰਪਨੀਆਂ ਤੋਂ ਪੁਲਿਸ ਨੇ ਬਚ ਕੇ ਰਹਿਣ ਦੀ ਦਿੱਤੀ ਸਲਾਹ



ਟੋਰਾਂਟੋ, 7 ਦਸੰਬਰ (ਪੋਸਟ ਬਿਊਰੋ) : ਸਨੋਅ ਹਟਾਉਣ ਵਾਲੀਆਂ ਕੰਪਨੀਆਂ ਵੱਲੋਂ ਕੀਤੇ ਜਾਣ ਵਾਲੇ ਕਥਿਤ ਫਰਾਡ ਤੋਂ ਟੋਰਾਂਟੋ ਵਾਸੀਆਂ ਨੂੰ ਪੁਲਿਸ ਵੱਲੋਂ ਸਾਵਧਾਨ ਰਹਿਣ ਲਈ ਆਖਿਆ ਜਾ ਰਿਹਾ ਹੈ।

ਪੁਲਿਸ ਦੇ ਬੁਲਾਰੇ ਨੇ ਆਖਿਆ ਕਿ ਬਹੁਤੇ ਮਾਮਲਿਆਂ ਵਿੱਚ ਮਸ਼ਕੂਕ ਆਮ ਤੌਰ ਉੱਤੇ ਸੋਸ਼ਲ ਮੀਡੀਆ ਐਡਵਰਟੀਜ਼ਮੈਂਟਸ ਰਾਹੀਂ ਆਪਣੀ ਸਨੋਅ ਹਟਾਉਣ ਵਾਲੀ ਸਰਵਿਸ ਨੂੰ ਪ੍ਰਮੋਟ ਕਰਦੇ ਹਨ ਤੇ ਇਸ ਲਈ ਲੋਕਾਂ ਨੂੰ ਐਡਵਾਂਸ ਵਿੱਚ ਅਦਾਇਗੀ ਕਰਨ ਲਈ ਆਖਿਆ ਜਾਂਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਜਿਹੀ ਫਰਾਡ ਸਕੀਮ ਵਿੱਚ ਸ਼ਾਮਲ ਮਸ਼ਕੂਕ ਪੈਸੇ ਲੈਣ ਤੋਂ ਬਾਅਦ ਸਨੋਅ ਹਟਾਉਣ ਹੀ ਨਹੀਂ ਆਉਂਦੇ।

ਅਧਿਕਾਰੀਆਂ ਨੇ ਕੁੱਝ ਟਿੱਪਸ ਸਾਂਝੇ ਕਰਦਿਆਂ ਆਖਿਆ ਕਿ ਸਨੋਅ ਹਟਾਉਣ ਤੋਂ ਪਹਿਲਾਂ ਹੀ ਪੂਰੀ ਅਦਾਇਗੀ ਮੰਗਣ ਵਾਲੀਆਂ ਸਨੋਅ ਰਿਮੂਵਲ ਕੰਪਨੀਆਂ ਨੂੰ ਪੂਰੇ ਪੈਸੇ ਨਹੀਂ ਦੇਣੇ ਚਾਹੀਦੇ ਤੇ ਸਨੋਅ ਰਿਮੂਵਲ ਕੰਪਨੀ ਨੂੰ ਹਾਇਰ ਕਰਨ ਲਈ ਕਾਹਲੀ ਵੀ ਨਹੀਂ ਕਰਨੀ ਚਾਹੀਦੀ। ਨਿਊਜ਼ ਰਲੀਜ਼ ਵਿੱਚ ਪੁਲਿਸ ਦੇ ਬੁਲਾਰੇ ਨੇ ਆਖਿਆ ਕਿ ਪਹਿਲਾਂ ਆਪਣੇ ਲਈ ਆਨਲਾਈਨ ਕੰਪਨੀ ਲੱਭੋ, ਉਸ ਦੀ ਚੰਗੀ ਤਰ੍ਹਾਂ ਜਾਂਚ ਪਰਖ ਕਰੋ, ਉਸ ਬਾਰੇ ਹੋਰਨਾਂ ਲੋਕਾਂ ਤੋਂ ਰਾਇ ਲਵੋ ਜਾਂ ਜਿਸ ਕੰਪਨੀ ਬਾਰੇ ਕੋਈ ਹੋਰ ਦੱਸਦਾ ਹੈ ਉਸ ਦੀਆਂ ਸੇਵਾਵਾਂ ਲਵੋ, ਚੰਗੀ ਸਾਖ਼ ਵਾਲੀ ਕੰਪਨੀ ਦੀ ਚੋਣ ਕਰੋ ਤੇ ਕੰਪਨੀ ਨਾਲ ਪੂਰੇ ਵਿਸਥਾਰ ਵਾਲੇ ਲਿਖਤੀ ਕਾਂਟਰੈਕਟ ਉੱਤੇ ਹੀ ਸਾਈਨ ਕਰੋ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

MagGas Medical Brampton
MGM
MAGGAS MEDICAL INC.
Helping you breathe deep and rest easy.
• CPAP machines, masks and supplies
• Free consultations
• 30 day mask exchange
• Free deliveries
(647) 954-9885
20 Maritime Ont Blvd Unit 15
Brampton, ON L6S 0C2

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca topinsuranceservices.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
Late Evening and Weekends Appointments Available 1888 864 3131
Jasbir Singh Hundal
Qualified Credit Counsellor
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial
Brokerage Lic. 12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਰਾਜ ਸਭਾ ਵਿਚ ਮਹਿਲਾ ਸੰਸਦ ਮੈਂਬਰ ਨੇ ਕਿਹਾ: ਸਮਾਜ ਲਈ ਬੀਮਾਰੀ ਹਨ 'ਐਨੀਮਲ' ਵਰਗੀਆਂ ਫਿਲਮਾਂ



ਨਵੀਂ ਦਿੱਲੀ, 7 ਦਸੰਬਰ (ਪੋਸਟ ਬਿਊਰੋ): ਹਾਲ ਹੀ ਵਿਚ ਰਿਲੀਜ਼ ਹੋਈ ਰਣਬੀਰ ਕਪੂਰ, ਬੌਬੀ ਦਿਓਲ ਅਤੇ ਰਸ਼ਮਿਕਾ ਮੰਧਾਨਾ ਸਟਾਰਰ ਫਿਲਮ 'ਐਨੀਮਲ' ਨੂੰ ਬਾਕਸ ਆਫਿਸ 'ਤੇ ਜ਼ਬਰਦਸਤ ਹੁੰਗਾਰਾ ਮਿਲਿਆ ਹੈ। ਹੁਣ ਤੱਕ ਇਹ ਫਿਲਮ ਅਰਬਾਂ ਰੁਪਏ ਕਮਾ ਚੁੱਕੀ ਹੈ ਅਤੇ ਸੁਪਰਹਿੱਟ ਹੋ ਚੁੱਕੀ ਹੈ। ਹਾਲਾਂਕਿ ਇਸ ਫਿਲਮ ਵਿਚ ਦਿਖਾਈ ਗਈ ਹਿੰਸਾ ਅਤੇ ਔਰਤਾਂ ਦੇ ਅਪਮਾਨ ਦਾ ਵਿਰੋਧ ਵੀ ਸ਼ੁਰੂ ਹੋ ਗਿਆ ਹੈ। ਹੁਣ ਇਸ ਫਿਲਮ ਦਾ ਮੁੱਦਾ ਵੀਰਵਾਰ ਨੂੰ ਰਾਜ ਸਭਾ ਵਿੱਚ ਵੀ ਉਠਾਇਆ ਗਿਆ ਹੈ। ਕਾਂਗਰਸ ਦੇ ਸਾਂਸਦ ਰਣਜੀਤ ਰੰਜਨ ਨੇ ਐਨੀਮਲ ਵਰਗੀਆਂ ਫਿਲਮਾਂ ਨੂੰ ਸਮਾਜ ਲਈ ਇੱਕ ਬੀਮਾਰੀ ਦੱਸਿਆ ਹੈ।

ਰਾਜ ਸਭਾ ਵਿਚ ਕਾਂਗਰਸ ਮਹਿਲਾ ਸੰਸਦ ਮੈਂਬਰ ਰਣਜੀਤ ਰੰਜਨ ਨੇ ਐਨੀਮਲ ਫਿਲਮ ਦਾ ਮੁੱਦਾ ਉਠਾਉਂਦੇ ਹੋਏ ਕਿਹਾ ਕਿ ਅਸੀਂ ਸਾਰੇ ਸਿਨੇਮਾ ਦੇਖ ਕੇ ਵੱਡੇ ਹੋਏ ਹਾਂ ਅਤੇ ਇਸ ਤੋਂ ਪ੍ਰਭਾਵਿਤ ਵੀ ਹਾਂ। ਪਰ ਅੱਜਕੱਲ੍ਹ ਕਬੀਰ ਸਿੰਘ, ਪੁਸ਼ਪਾ ਅਤੇ ਐਨੀਮਲ ਵਰਗੀਆਂ ਕਈ ਫਿਲਮਾਂ ਆ ਰਹੀਆਂ ਹਨ ਜਿਨ੍ਹਾਂ ਵਿੱਚ ਔਰਤਾਂ ਦੀ ਹਿੰਸਾ ਅਤੇ ਅਪਮਾਨ ਨੂੰ ਜਾਇਜ਼ ਠਹਿਰਾਇਆ ਜਾ ਰਿਹਾ ਹੈ। ਆਪਣੀ ਪਤਨੀ ਪ੍ਰਤੀ ਤੁਹਾਡੇ ਮਾੜੇ ਵਿਵਹਾਰ ਨੂੰ ਜਾਇਜ਼ ਠਹਿਰਾਉਣਾ। ਉਨ੍ਹਾਂ ਕਿਹਾ ਕਿ ਫਿਲਮ ਵਿੱਚ ਨੈਗੇਟਿਵ ਰੋਲ ਨੂੰ ਹੀਰੋ ਬਣਾਇਆ ਜਾ ਰਿਹਾ ਹੈ। ਉਸ ਨੇ ਦੱਸਿਆ ਕਿ ਉਸ ਦੀ ਬੇਟੀ ਸਮੇਤ ਕਈ ਕੁੜੀਆਂ ਫਿਲਮ ਦੇਖ ਕੇ ਰੋਂਦੀਆਂ ਹੋਈਆਂ ਉੱਠ ਕੇ ਚਲੀਆਂ ਗਈਆਂ।

ਕਾਂਗਰਸੀ ਸੰਸਦ ਮੈਂਬਰ ਰਣਜੀਤ ਰੰਜਨ ਨੇ ਕਿਹਾ ਕਿ ਫਿਲਮ ਪੰਜਾਬ ਵਿੱਚ ਪੰਜਾਬ ਦੀ ਇਤਿਹਾਸਕ ਸ਼ਖਸੀਅਤ ਹਰੀ ਸਿੰਘ ਨਲਵਾ ਨੂੰ ਸਮਰਪਿਤ ਗੀਤ ਦੋ ਪਰਿਵਾਰਾਂ ਵਿਚਾਲੇ ਚੱਲ ਰਹੀ ਗੈਂਗ ਵਾਰ ਨੂੰ ਵਰਤਿਆ ਗਿਆ ਹੈ। ਉਨ੍ਹਾਂ ਕਿਹਾ ਕਿ ਫਿਲਮ ਦਾ ਹੀਰੋ ਹਾਸਟਲਾਂ ਅਤੇ ਇਮਾਰਤਾਂ ਵਿੱਚ ਵੱਡੇ ਹਥਿਆਰਾਂ ਦੀ ਵਰਤੋਂ ਕਰਦਾ ਹੈ ਅਤੇ ਉਸ ਨੂੰ ਕੋਈ ਸਜ਼ਾ ਨਹੀਂ ਮਿਲਦੀ। ਸੰਸਦ ਮੈਂਬਰ ਨੇ ਕਿਹਾ ਕਿ ਅਜਿਹੀਆਂ ਫਿਲਮਾਂ ਸਾਡੇ ਸਮਾਜ ਲਈ ਇੱਕ ਰੋਗ ਹਨ ਅਤੇ ਇਸ ਗੱਲ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਸੈਂਸਰ ਬੋਰਡ ਅਜਿਹੀਆਂ ਤਸਵੀਰਾਂ ਨੂੰ ਕਿਵੇਂ ਪ੍ਰਮੋਟ ਕਰ ਰਿਹਾ ਹੈ।

## ਕਾਂਗਰਸ ਸਾਂਸਦ ਦੇ ਘਰ 'ਤੇ ਇਨਕਮ ਟੈਕਸ ਦਾ ਛਾਪਾ, 100 ਕਰੋੜ ਤੋਂ ਵੱਧ ਦੀ ਨਕਦੀ ਮਿਲੀ



ਰਾਂਚੀ, 7 ਦਸੰਬਰ (ਪੋਸਟ ਬਿਊਰੋ): ਇਨਕਮ ਟੈਕਸ ਵਿਭਾਗ ਦੀ ਟੀਮ ਨੇ ਝਾਰਖੰਡ ਤੋਂ ਕਾਂਗਰਸ ਦੇ ਰਾਜ ਸਭਾ ਮੈਂਬਰ ਧੀਰਜ ਪ੍ਰਸਾਦ ਸਾਹੂ ਦੇ ਘਰੋਂ ਵੱਡੀ ਮਾਤਰਾ ਵਿਚ ਨਕਦੀ ਬਰਾਮਦ ਕੀਤੀ ਹੈ। ਉੜੀਸਾ ਦੇ ਇਨਕਮ ਟੈਕਸ ਵਿਭਾਗ ਦੀ ਟੀਮ ਨੇ ਟੈਕਸ ਚੋਰੀ ਦੀ ਸੂਚਨਾ 'ਤੇ ਇਹ ਛਾਪੇਮਾਰੀ ਕੀਤੀ ਹੈ। ਸਾਹੂ ਦੇ ਕਰੀਬੀਆਂ ਅਤੇ ਰਿਸ਼ਤੇਦਾਰਾਂ ਦੇ ਘਰਾਂ 'ਤੇ ਇਨਕਮ ਟੈਕਸ ਵਿਭਾਗ ਦੀ ਦੋ ਦਿਨਾਂ ਦੀ ਛਾਪੇਮਾਰੀ ਦੌਰਾਨ 100 ਕਰੋੜ ਰੁਪਏ ਤੋਂ ਵੱਧ ਦੀ ਨਕਦੀ ਬਰਾਮਦ ਹੋਣ ਦੀ ਸੂਚਨਾ ਹੈ। ਆਮਦਨ ਕਰ ਵਿਭਾਗ ਦੇ ਸੂਤਰਾਂ ਅਨੁਸਾਰ, ਉੜੀਸ਼ਾ ਵਿੱਚ ਬੌਧ ਡਿਸਟਿਲਰੀ ਪ੍ਰਾਈਵੇਟ ਲਿਮਟਿਡ (ਬੀਡੀਪੀਐਲ) ਦੇ ਟਿਕਾਣਿਆਂ ਤੋਂ ਸਭ ਤੋਂ ਵੱਧ ਨਕਦੀ ਬਰਾਮਦ ਕੀਤੀ ਗਈ ਹੈ। ਨੋਟ ਗਿਣਨ ਲਈ ਕਈ ਮਸ਼ੀਨਾਂ ਲਗਾਈਆਂ ਗਈਆਂ ਹਨ। ਇਨਕਮ ਟੈਕਸ ਵਿਭਾਗ ਨੇ ਰਾਂਚੀ, ਲੋਹਰਦਗਾ ਅਤੇ ਉੜੀਸਾ ਵਿੱਚ ਐਮਪੀ ਸਾਹੂ ਦੇ ਅੱਧੀ ਦਰਜਨ ਟਿਕਾਣਿਆਂ 'ਤੇ ਵੀ ਛਾਪੇਮਾਰੀ ਕੀਤੀ ਹੈ। ਇਸ ਤੋਂ ਇਲਾਵਾ ਬੰਗਾਲ 'ਚ ਵੀ ਕੁਝ ਥਾਵਾਂ 'ਤੇ ਛਾਪੇਮਾਰੀ ਚੱਲ ਰਹੀ ਹੈ।

ਛਾਪੇਮਾਰੀ ਦੌਰਾਨ ਆਮਦਨ ਅਤੇ ਖਰਚੇ ਨਾਲ ਸਬੰਧਤ ਦਸਤਾਵੇਜ਼ਾਂ ਤੋਂ ਇਲਾਵਾ ਹੋਰ ਕੀ ਮਿਲਿਆ ਹੈ, ਇਹ ਅਜੇ ਸਪੱਸ਼ਟ ਨਹੀਂ ਹੋਇਆ ਹੈ। ਓਡੀਸ਼ਾ 'ਚ ਧੀਰਜ ਸਾਹੂ ਦੇ ਰਿਸ਼ਤੇਦਾਰਾਂ ਦੇ ਨਾਮ 'ਤੇ ਕਈ ਕੰਪਨੀਆਂ ਹਨ। ਇਨ੍ਹਾਂ ਵਿੱਚ ਬਲਦੇਵ ਸਾਹੂ ਇਨਫਰਾ ਪ੍ਰਾਈਵੇਟ ਲਿਮਟਿਡ (ਫਲਾਈ ਐਸ਼ ਬ੍ਰਿਕਸ), ਕਵਾਲਿਟੀ ਬੋਟਲਰਜ਼ ਪ੍ਰਾਈਵੇਟ ਲਿਮਟਿਡ ਅਤੇ ਕਿਸ਼ੋਰ ਪ੍ਰਸਾਦ ਵਿਜੇ ਪ੍ਰਸਾਦ ਬੇਵਰੇਜਜ਼ ਪ੍ਰਾਈਵੇਟ ਲਿਮਟਿਡ ਸ਼ਾਮਿਲ ਹਨ। ਕਵਾਲਿਟੀ ਬੋਟਲਰਜ਼ ਪ੍ਰਾਈਵੇਟ ਲਿਮਟਿਡ ਵਿੱਚ ਵਿਦੇਸ਼ੀ ਸ਼ਰਾਬ ਦੀ ਬੋਤਲਬੰਦੀ ਕੀਤੀ ਜਾਂਦੀ ਹੈ।

### ਅੱਜ ਨਾਮਾ >>

ਪੰਜਾਬ ਸਰਕਾਰ ਦੀ ਔਕੜ ਨਾ ਘਟੀ ਬੇਲੀ,
ਦਿੱਤੀ ਨਹੀਂਉਂ ਗਵਰਨਰ ਕੁਝ ਢਿੱਲ ਬੇਲੀ।
ਵਖਰੇਵਾਂ ਵਿਚਾਰ ਦਾ ਮੁੱਕਿਆਅਜੇ ਨਾਹੀਂ,
ਚੱਲ ਰਹੀ ਉਵੇਂ ਟਕਰਾਅ ਦੀ ਮਿੱਲ ਬੇਲੀ।
ਸੰਦੇਸ਼ ਨਵਾਂ ਗਵਰਨਰ ਦਾ ਪੁੱਜ ਗਿਆ ਈ,
ਕਰਨਾ ਪਾਸ ਨਹੀਂ ਉਨ੍ਹਾਂ ਕੋਈ ਬਿੱਲ ਬੇਲੀ।
ਧਿਰਾਂ ਦੋਵਾਂ ਵਿੱਚ ਪਿਆ ਫਿਰ ਰਹੂਰੱਫੜ,
ਲਹਿੰਦੀ ਰਹਿਣੀ ਹੈ ਵਾਲ਼ ਦੀ ਛਿੱਲ ਬੇਲੀ।
ਅਟਕੇ ਕਾਰਜ ਸਰਕਾਰੀ ਇਹ ਸਭ ਰਹਿਣੇ,
ਲੱਗ ਰਹੇ ਬੰਨੇ ਨਹੀਂ ਕਿਸੇ ਵੀ ਜਾਪਦੇ ਈ।
ਸੋਚਣੀ ਦੂਜੇ ਦੀ ਕਹਿਣ ਪਏ ਗਲਤ ਦੋਵੇਂ,
ਆਪਣੇ ਮਤਲਬ ਲਈ ਰਾਗ ਅਲਾਪਦੇ ਈ।

**ਤੀਸ ਮਾਰ ਖਾਂ**

## ਤਸਕਰੀ ਨੂੰ ਰੋਕਣ ਲਈ ਈਰਾਨ ਨੇ ਫ਼ਾਰਸ ਖਾੜੀ ਵਿੱਚ ਤੇਲ ਟੈਂਕਰ ਜ਼ਬਤ ਕੀਤੇ



ਤਹਿਰਾਨ, 7 ਦਸੰਬਰ (ਪੋਸਟ ਬਿਊਰੋ): ਈਰਾਨ ਦੀ ਫੌਜੀ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਆਈਆਰਜੀਸੀ ਨੇ ਈਰਾਨ ਅਤੇ ਯੂਏਈ ਵਿਚਕਾਰ ਫਾਰਸ ਦੀ ਖਾੜੀ ਵਿੱਚ 2 ਤੇਲ ਟੈਂਕਰਾਂ ਨੂੰ ਜ਼ਬਤ ਕਰ ਲਿਆ ਹੈ। ਇਨ੍ਹਾਂ 'ਚ ਕਰੀਬ 45 ਲੱਖ ਲੀਟਰ ਈਂਧਨ ਮੌਜੂਦ ਸੀ। ਜਾਣਕਾਰੀ ਮੁਤਾਬਕ ਜਹਾਜ਼ 'ਚ ਚਾਲਕ ਦਲ ਦੇ 34 ਵਿਦੇਸ਼ੀ ਮੈਂਬਰ ਸਵਾਰ ਸਨ। ਈਰਾਨ ਦਾ ਦਾਅਵਾ ਹੈ ਕਿ ਟੈਂਕਰਾਂ ਵਿੱਚ ਈਂਧਨ ਦੀ ਤਸਕਰੀ ਕੀਤੀ ਜਾ ਰਹੀ ਸੀ।

ਦੋਵੇਂ ਜਹਾਜ਼ ਅਬੂ ਮੂਸਾ ਟਾਪੂ ਦੇ ਦੱਖਣ ਵੱਲ ਫੜ੍ਹੇ ਗਏ ਸਨ। ਈਰਾਨ ਇਸ ਟਾਪੂ ਨੂੰ ਕੰਟਰੋਲ ਕਰਦਾ ਹੈ, ਪਰ ਯੂਏਈ ਇਸ ਨੂੰ ਆਪਣਾ ਦਾਅਵਾ ਕਰਦਾ ਹੈ। ਉਹ ਇਸਨੂੰ ਸ਼ਾਰਜਾਹ ਦੇ ਏਮਿਰ ਦਾ ਇਲਾਕਾ ਕਹਿੰਦਾ ਹੈ। ਜਹਾਜ਼ 'ਤੇ ਮੌਜੂਦ ਪੰਜਵੇਂ ਜਲ ਸੈਨਾ ਖੇਤਰ ਦੇ ਕਮਾਂਡਰ ਅਲੀ ਓਜ਼ਮੇਈ ਨੇ ਈਰਾਨ ਦੀ ਤਸਨੀਮ ਨਿਊਜ਼ ਏਜੰਸੀ ਨੂੰ ਦੱਸਿਆ ਕਿ ਇਕ ਜਹਾਜ਼ ਵਿਚ ਕਰੀਬ 30 ਲੱਖ ਲੀਟਰ ਈਂਧਨ ਸੀ, ਜਦਕਿ ਦੂਜੇ ਜਹਾਜ਼ ਵਿਚ ਕਰੀਬ 2.5 ਮਿਲੀਅਨ ਲੀਟਰ ਈਂਧਨ ਸੀ। ਹਾਲਾਂਕਿ ਇਹ ਜਹਾਜ਼ ਕਿਸ ਦੇਸ਼ ਦੇ ਹਨ, ਇਸ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ।

ਈਰਾਨ ਇਸ ਤੋਂ ਪਹਿਲਾਂ ਵੀ ਕਈ ਵਾਰ ਫ਼ਾਰਸ ਦੀ ਖਾੜੀ ਵਿਚ ਤਸਕਰੀ ਦੇ ਦੋਸ਼ ਵਿਚ ਵਿਦੇਸ਼ੀ ਜਹਾਜ਼ਾਂ ਨੂੰ ਜ਼ਬਤ ਕਰ ਚੁੱਕਾ ਹੈ। ਅਮਰੀਕਾ ਨੇ ਪਹਿਲਾਂ ਇੱਕ ਰਿਪੋਰਟ ਵਿੱਚ ਕਿਹਾ ਸੀ ਕਿ ਈਰਾਨ ਨੇ ਪਿਛਲੇ ਦੋ ਸਾਲਾਂ ਵਿੱਚ ਖੇਤਰ ਵਿੱਚ 20 ਤੋਂ ਵੱਧ ਜਹਾਜ਼ਾਂ ਦੇ ਖਿਲਾਫ ਹਮਲਾਵਰ ਕਾਰਵਾਈ ਕੀਤੀ ਹੈ।

## ਇੰਡੀਗੋ ਦਾ ਸਟਾਫ ਅਪਾਹਜ ਔਰਤ ਨੂੰ ਫਲਾਈਟ ਤੋਂ ਉਤਾਰਨਾ ਭੁੱਲਿਆ




ਨਵੀਂ ਦਿੱਲੀ, 7 ਦਸੰਬਰ (ਪੋਸਟ ਬਿਊਰੋ): ਇੰਡੀਗੋ ਏਅਰਲਾਈਨ ਦੇ ਕੈਬਿਨ ਕਰੂ ਨੇ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲਾ ਕੰਮ ਕੀਤਾ ਹੈ। ਇੱਕ 32 ਸਾਲਾ ਦਿਵਆਂਗ ਅਧਿਕਾਰ ਕਾਰਕੁਨ, ਕਮਰ ਤੋਂ ਹੇਠਾਂ ਅਧਰੰਗ ਨਾਲ ਪੀੜਤ ਨੇ ਸੋਸ਼ਲ ਮੀਡੀਆ 'ਤੇ ਆਪਣੀ ਨਿਰਾਸ਼ਾ ਜ਼ਾਹਿਰ ਕੀਤੀ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਕਿ ਕਿਵੇਂ ਇੰਡੀਗੋ ਏਅਰਲਾਈਨ ਦਾ ਕੈਬਿਨ ਕਰੂ ਉਸ ਨੂੰ ਦਿੱਲੀ ਤੋਂ ਮੁੰਬਈ ਪਹੁੰਚੇ ਜਹਾਜ਼ ਤੋਂ ਹੇਠਾਂ ਉਤਾਰਨਾ ਭੁੱਲ ਗਿਆ।

ਵਿਰਾਲੀ ਮੋਦੀ, ਇੱਕ ਕਾਰਕੁਨ ਜੋ ਗਤੀਸ਼ੀਲਤਾ ਲਈ ਵ੍ਹੀਲਚੇਅਰ 'ਤੇ ਨਿਰਭਰ ਹੈ, ਨੇ ਮੰਗਲਵਾਰ ਨੂੰ ਟਵੀਟ ਵਿੱਚ ਆਪਣੀ ਆਪਬੀਤੀ ਦਾ ਵਰਣਨ ਕੀਤਾ। ਉਸ ਅਨੁਸਾਰ, ਸਾਰੇ ਯਾਤਰੀਆਂ ਦੇ ਮੁੰਬਈ ਹਵਾਈ ਅੱਡੇ 'ਤੇ ਉਤਰਨ ਤੋਂ ਬਾਅਦ, ਇੰਡੀਗੋ ਦੀ ਉਡਾਨ 6ਈ-864 ਦੇ ਕੈਬਿਨ ਕਰੂ ਨੇ ਉਨ੍ਹਾਂ ਨੂੰ ਨਜ਼ਰਅੰਦ-ਾਜ਼ ਕਰ ਦਿੱਤਾ। ਜਦੋਂ ਸਫ਼ਾਈ ਕਰਮਚਾਰੀ ਜਹਾਜ਼ 'ਤੇ ਪਹੁੰਚੇ ਤਾਂ ਉਨ੍ਹਾਂ ਨੂੰ ਯਾਤਰੀ ਦੀ ਮੌਜੂਦਗੀ ਦਾ ਪਤਾ ਲੱਗਾ। ਇਸ ਤੋਂ ਬਾਅਦ ਵੀ ਉਸ ਨੂੰ ਜਹਾਜ਼ ਤੋਂ ਉਤਰਨ ਲਈ ਵ੍ਹੀਲਚੇਅਰ ਦੇਣ ਵਿਚ 40 ਮਿੰਟ ਦੀ ਦੇਰੀ ਹੋਈ।

ਵਿਸ਼ੇਸ਼ਤਾਵਾਂ ਦੀ ਘਾਟ 'ਤੇ ਆਪਣੀ ਨਿਰਾਸ਼ਾ ਜ਼ਾਹਰ ਕਰਦਿਆਂ, ਉਨ੍ਹਾਂ ਨੇ ਆਪਣੇ ਟਵੀਟ ਵਿੱਚ ਲਿਖਿਆ ਕਿ ਮੈਂ ਕੈਬਿਨ ਕਰੂ ਨੂੰ ਸੁਚੇਤ ਨਹੀਂ ਕਰ ਸਕੀ ਕਿਉਂਕਿ ਕਾਲ ਬਟਨ ਪਹੁੰਚ ਤੋਂ ਬਾਹਰ ਸੀ, ਜਿਵੇਂ ਕਿ ਉਨ੍ਹਾਂ ਦੀਆਂ ਸਾਰੀਆਂ ਉਡਾਨਾਂ ਵਿੱਚ ਹੁੰਦਾ ਹੈ। ਔਰਤ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਉਸਨੇ ਏਅਰਲਾਈਨ ਨੂੰ ਸੂਚਿਤ ਕੀਤਾ ਸੀ ਕਿ ਉਸਨੂੰ ਗੇਟ 'ਤੇ ਆਪਣੀ ਨਿੱਜੀ ਵ੍ਹੀਲਚੇਅਰ ਦੀ ਲੋੜ ਹੈ, ਪਰ ਉਸਨੂੰ ਇੱਕ ਵੀ ਨਹੀਂ ਦਿੱਤੀ ਗਈ। ਉਸ ਨੇ ਇੰਡੀਗੋ ਵੱਲੋਂ ਦਿੱਤੇ ਗਏ ਸਹਾਇਕ ਨੂੰ ਲਾਪਰਵਾਹ ਦੱਸਿਆ। ਉਸਨੇ ਅੱਗੇ ਦੱਸਿਆ ਕਿ ਸਮਾਨ ਦੇ ਦਾਅਵੇ ਤੱਕ ਪਹੁੰਚਣ 'ਤੇ, ਉਸਦੀ ਨਿੱਜੀ ਵ੍ਹੀਲਚੇਅਰ ਗਾਇਬ ਸੀ ਜਿਸ ਦੇ ਨਤੀਜੇ ਵਜੋਂ ਹੋਰ 30 ਮਿੰਟ ਉਡੀਕ ਕਰਨੀ ਪਈ। ਸਥਿਤੀ ਉਦੋਂ ਵਿਗੜ ਗਈ ਜਦੋਂ ਉਸਨੂੰ ਪਤਾ ਲੱਗਾ ਕਿ ਉਸਦੀ ਵ੍ਹੀਲਚੇਅਰ ਦੀ ਗੱਦੀ, ਜੋ ਉਸਦੇ ਆਰਾਮ ਲਈ ਜ਼ਰੂਰੀ ਸੀ, ਉਹ ਵੀ ਗਾਇਬ ਸੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਵਿਆਹਾਂ ਦੇ ਫ਼ਜ਼ੂਲ ਖਰਚਿਆਂ ਬਾਰੇ ਮੇਰਾ ਲੇਖ

-ਪ੍ਰਿੰ. ਸਰਵਣ ਸਿੰਘ

*ਨਵੀਂ ਛਪੀ ਪੁਸਤਕ 'ਪੰਜਾਬੀਆਂ ਦੇ ਅਥਾਹ ਤੇ ਫ਼ਜ਼ੂਲ ਖਰਚੇ' ਵਿਚ 24 ਲੇਖਕਾਂ ਦੇ ਖੋਜਮਈ ਲੇਖ ਹਨ ਜਿਨ੍ਹਾਂ ਨੂੰ 'ਕਾਫ਼ਲਾ: ਜੀਵੇ ਪੰਜਾਬ' ਦੇ ਗੁਰਪ੍ਰੀਤ ਸਿੰਘ ਤੂਰ ਆਈ ਪੀ ਐੱਸ ਤੇ ਡਾ ਬਲਵੰਤ ਸਿੰਘ ਸੰਧੂ ਨੇ ਸੰਪਾਦਤ ਕੀਤਾ ਹੈ। ਅਸੀਂ ਚਾਹੁੰਦੇ ਹਾਂ ਕਿ 200 ਪੰਨਿਆਂ ਦੀ ਇਹ ਪੁਸਤਕ ਜੋ ਪੀਪਲਜ਼ ਫੌਰਮ ਬਰਗਾੜੀ ਨੇ ਪ੍ਰਕਾਸ਼ਿਤ ਕੀਤੀ ਹੈ, ਪੰਜਾਬ ਦੇ ਸੁਨਹਿਰੀ ਭਵਿੱਖ ਲਈ ਹਰ ਪੰਜਾਬੀ ਦੇ ਘਰ ਪਹੁੰਚੇ। ਪੁਸਤਕ ਹਾਸਲ ਕਰਨ ਲਈ ਫੋਨ 98729-89313, 98158-00405, 98886-58185 'ਤੇ ਸੰਪਰਕ ਕੀਤਾ ਜਾ ਸਕਦੈ।*

ਮੈਂ ਸਵਾ ਰੁਪਏ 'ਚ ਹੁੰਦੇ ਸਾਦੇ ਵਿਆਹਾਂ ਤੋਂ ਲੈ ਕੇ ਲੱਖਾਂ ਕਰੋੜਾਂ ਦੇ ਮਹਿੰਗੇ ਵਿਆਹ ਹੁੰਦੇ ਵੇਖੇ ਹਨ। ਇਹ ਵੀ ਵੇਖਿਆ ਕਿ ਮਹਿੰਗੇ ਵਿਆਹਾਂ ਨਾਲੋਂ ਸਵਾ ਰੁਪਏ ਵਾਲੇ ਵਿਆਹ ਵਧੇਰੇ ਸਫਲ ਰਹੇ। ਸਾਦੇ ਵਿਆਹਾਂ ਦੇ ਤੋੜ ਵਿਛੋੜੇ ਨਾਮਾਤਰ ਹੋਏ ਜਦ ਕਿ ਵੱਡੇ ਅਡੰਬਰਾਂ ਵਾਲੇ ਮਹਿੰਗੇ ਵਿਆਹ ਦਿਨਾਂ 'ਚ ਟੁੱਟਦੇ ਵੇਖੇ। ਕੁਝ ਵਿਆਹਾਂ ਦੀਆਂ ਤਾਂ ਅਜਿਹੀਆਂ ਖ਼ਬਰਾਂ ਵੀ ਮਿਲੀਆਂ ਕਿ ਵਿਆਹ ਦੀ 'ਬੰਪਰ' ਪਾਰਟੀ ਪਿੱਛੋਂ ਹਨੀਮੂਨ ਮਨਾਉਣ ਗਿਆ ਜੋੜਾ ਕਿਸੇ ਗੱਲੋਂ ਖਹਿਬੜ ਪਿਆ ਤੇ ਅੱਡੋ-ਅੱਡ ਹੋ ਕੇ ਮੁੜਿਆ। ਉਤੋਂ ਲੋਹੜਾ ਇਹ ਕਿ ਮਹਿੰਗੇ ਵਿਦੇਸ਼ੀ ਰਿਜ਼ੌਰਟ 'ਚ ਰਾਤ ਬਿਤਾਉਂਦਿਆਂ ਹਨੀਮੂਨੀ ਜੋੜੇ ਨੇ ਹੋਰ ਵਿਆਹ ਕਰਾਉਣ ਤੋਂ ਤੋਬਾ ਕਰ ਲਈ ਤੇ ਉਨ੍ਹਾਂ ਦੇ ਮਾਪੇ ਸਾਰੀ ਉਮਰ ਵਿਆਹ ਦਾ ਕਰਜ਼ਾ ਲਾਹੁੰਦੇ ਖਪਦੇ ਰਹੇ। ਸੋਚੋ ਅਜਿਹੇ ਵਿਆਹ ਬਿਨਾਂ ਕੀ ਥੁੜਿਆ ਪਿਆ ਸੀ? ਸੁਆਲ ਪੈਦਾ ਹੁੰਦੈ, ਅੱਡੀਆਂ ਚੁੱਕ ਕੇ ਫਾਹਾ ਲੈਣ ਵਾਲਿਆਂ ਨੂੰ ਅਕਲ ਕਦੋਂ ਆਊ?

ਅਕਲ ਉਨ੍ਹਾਂ ਨੂੰ ਉਦੋਂ ਆਊ ਜਦੋਂ ਆਪਾਂ ਸਾਰੇ ਅਜਿਹੇ ਵਿਆਹ ਕਰਨ ਵਾਲਿਆਂ ਦਾ ਬਾਈਕਾਟ ਕਰੀਏ ਤਾਂ ਕਿ ਕਿਸੇ ਹੋਰ ਦਾ ਜੇਰਾ ਈ ਨਾ ਪਵੇ ਪਈ ਵਿਆਹ ਦਾ ਐਡਾ ਅਡੰਬਰ ਰਚਾ ਸਕੇ। ਵਿਆਹ ਵਰਗੀ ਸਮਾਜਕ ਜ਼ਿੰਮੇਵਾਰੀ ਵਾਲੀ ਪਵਿੱਤਰ ਰਸਮ 'ਤੇ ਲੱਖਾਂ ਕਰੋੜਾਂ ਫੂਕਣ ਵਾਲੇ ਪਰਿਵਾਰ ਸਮਾਜਕ/ਧਾਰਮਕ ਮਰਿਯਾਦਾ ਨੂੰ ਪਲੀਤ ਕਰਨ ਦੇ ਦੋਸ਼ੀ ਮੰਨੇ ਜਾਣ ਤੇ ਉਨ੍ਹਾਂ ਨੂੰ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣ। ਸਰਕਾਰਾਂ ਕਾਨੂੰਨ ਬਣਾਉਣ ਕਿ ਮਾਪੇ ਮਿਥੀ ਹੱਦ ਤੋਂ ਵੱਧ ਖਰਚੇ ਨਹੀਂ ਕਰ ਸਕਦੇ ਅਤੇ ਮੈਰਿਜ ਪੈਲਸਾਂ ਵਾਲੇ ਉਸ ਤੋਂ ਵੱਧ ਵਸੂਲ ਨਹੀਂ ਸਕਦੇ। ਅਜਿਹਾ ਕਾਨੂੰਨ ਅਮਲ ਵਿਚ ਲਿਆਉਣ ਲਈ ਪਿੰਡਾਂ ਤੋਂ ਰਾਜਧਾਨੀਆਂ ਤਕ ਲੋਕਾਂ ਦਾ ਭਾਰੀ ਦਬਾਅ ਜ਼ਰੂਰੀ ਹੈ ਤਾਂ ਕਿ ਸਰਕਾਰਾਂ ਨੂੰ ਕਾਨੂੰਨ ਸਖਤੀ ਨਾਲ ਲਾਗੂ ਕਰਨਾ ਪਵੇ।

ਜਿਹੜੇ ਕਹਿੰਦੇ ਹਨ ਕਿ ਭਾਰਤੀ ਪੰਜਾਬ ਵਿਚ ਅਜਿਹਾ ਹੋ ਨਹੀਂ ਸਕਦਾ, ਉਹ ਪਾਕਿਸਤਾਨੀ ਪੰਜਾਬ ਵਿਚ ਹੋਇਆ ਵੇਖ ਲੈਣ। ਪਾਕਿਸਤਾਨ ਦੀ ਪੰਜਾਬ ਸਰਕਾਰ ਨੇ 20 ਅਪ੍ਰੈਲ 2016 ਨੂੰ 'ਪੰਜਾਬ ਮੈਰਿਜ ਫੰਕਸ਼ਨਜ਼ ਐਕਟ 2016' ਅਸੰਬਲੀ ਵਿਚ ਪਾਸ ਕੀਤਾ ਸੀ ਜੋ ਉਦੋਂ ਤੋਂ ਅਮਲੀ ਤੌਰ 'ਤੇ ਲਾਗੂ ਹੈ। ਐਕਟ ਅਨੁਸਾਰ ਕਾਨੂੰਨ ਕੁਲ ਪੰਜਾਬ ਲਈ ਹੈ। ਵਿਆਹਾਂ ਦੀਆਂ ਸਾਰੀਆਂ ਰਸਮਾਂ ਸਮੇਂ ਖਾਣੇ ਦੀ ਇਕ ਡਿਸ਼ ਹੀ ਪਰੋਸੀ ਜਾਵੇਗੀ ਜਿਸ ਵਿਚ ਚੌਲ, ਰੋਟੀ, ਨਾਨ, ਇਕੋ ਸਾਲਣ, ਸਲਾਦ, ਇਕ ਸਵੀਟ, ਚਾਹ ਤੇ ਕੋਲਡ ਡ੍ਰਿੰਕ ਹੋਵੇਗੀ। ਕੋਈ ਮਹਿਮਾਨ ਆਪਣੇ ਤੌਰ 'ਤੇ ਕੁਝ ਖੁਆ ਪਿਆ ਨਹੀਂ ਸਕੇਗਾ। ਆਤਸ਼ਬਾਜ਼ੀ, ਪਟਾਕੇ, ਹਥਿਆਰਾਂ ਦੇ ਫਾਇਰ ਆਦਿ ਕਰਨ ਦੀ ਪੂਰਨ ਮਨਾਹੀ ਹੋਵੇਗੀ। ਘਰ ਤੋਂ ਬਾਹਰ ਗਲੀ 'ਚ ਕੋਈ ਸਜਾਵਟ ਬਗੈਰਾ ਨਹੀਂ ਕਰ ਸਕੇਗਾ ਤੇ ਦਾਜ ਬਗੈਰਾ ਨਹੀਂ ਵਿਖਾਏਗਾ। ਮਹਿਮਾਨਾਂ ਦੀ ਗਿਣਤੀ ਸੀਮਤ ਹੋਵੇਗੀ। ਵਿਆਹ ਦੇ ਰੌਲੇ-ਰੱਪੇ ਨਾਲ ਕੋਈ ਕਿਸੇ ਨੂੰ ਪਰੇਸ਼ਾਨ ਨਹੀਂ ਕਰੇਗਾ। ਕਿਸੇ ਵੀ ਵਿਆਹ ਦੀ ਪਾਰਟੀ ਰਾਤ 10 ਵਜੇ ਤੋਂ ਪਹਿਲਾਂ ਸਮਾਪਤ ਕਰਨੀ ਹੋਵੇਗੀ। ਉਲੰਘਣਾ ਦੀ ਸੂਰਤ ਵਿਚ ਇਕ ਮਹੀਨੇ ਤਕ ਦੀ ਕੈਦ ਤੇ ਪੰਜਾਹ ਹਜ਼ਾਰ ਤੋਂ 20 ਲੱਖ ਰੁਪਏ ਤਕ ਦਾ ਜੁਰਮਾਨਾ ਹੋਵੇਗਾ।

ਨੋਟ: ਇਸ ਐਕਟ ਦਾ ਪੂਰਾ ਵੇਰਵਾ ਤਿੰਨ ਪੰਨਿਆਂ 'ਤੇ ਪ੍ਰਕਾਸ਼ਤ ਹੈ ਜੋ ਇੰਟਰਨੈੱਟ ਤੋਂ ਪੜ੍ਹਿਆ ਜਾ ਸਕਦਾ ਹੈ। ਭਾਰਤ ਦੀ ਪੰਜਾਬ ਸਰਕਾਰ ਲਈ ਇਹ ਚੈਲੰਜ ਹੈ ਕਿ ਉਹ ਵੀ ਅਜਿਹਾ ਕਾਨੂੰਨ ਬਣਾਵੇ ਤੇ ਸਖ਼ਤੀ ਨਾਲ ਲਾਗੂ ਕਰੇ।

ਕਿਸੇ ਦੇ ਧੀ-ਪੁੱਤ ਦਾ ਵਿਆਹ ਪਰਿਵਾਰਕ ਖ਼ੁਸ਼ੀ ਮਨਾਉਣ ਦਾ ਸੁਭਾਗਾ ਮੌਕਾ ਹੁੰਦੈ। ਸਕੇ ਸੰਬੰਧੀਆਂ ਦਾ ਮੇਲ ਜੋਲ ਹੁੰਦੈ। ਬੱਚੇ ਦੀ ਲੋਹੜੀ ਮਨਾਉਣ ਪਿੱਛੋਂ ਵੱਡੀ ਖ਼ੁਸ਼ੀ ਵਿਆਹ ਦੇ ਰੂਪ ਵਿਚ ਆਉਂਦੀ ਹੈ। ਪਰ ਬਹੁਤ ਸਾਰੇ ਲੋਕ ਵਿਆਹ ਦੀ ਖ਼ੁਸ਼ੀ ਮਨਾਉਣ ਦੇ ਨਾਂ 'ਤੇ ਵੇਖ ਵਿਖਾਵੇ ਵਿਚ ਹੀ ਏਨਾ ਉਜਾੜਾ ਕਰ ਬਹਿੰਦੇ ਨੇ ਕਿ ਸਾਰੀ ਉਮਰ ਤਾਬ ਨਹੀਂ ਆਉਂਦੇ। ਉਹ ਖ਼ੁਸ਼ੀ ਮਨਾਉਣ ਦੇ ਨਾਂ 'ਤੇ ਦੋਹਾਂ ਪਰਿਵਾਰਾਂ ਦੀਆਂ ਖ਼ੁਸ਼ੀਆਂ ਦਾ ਘਾਣ ਕਰ ਦਿੰਦੇ ਨੇ। ਪੰਜਾਬ ਦੇ ਲੋਕ ਜੀਵਨ ਦਾ ਸੱਚ ਤਾਂ ਇਹੋ ਹੈ ਕਿ ਸਾਡੇ ਲੋਕ ਰੋਟੀ, ਕਪੜਾ, ਮਕਾਨ ਦੀਆਂ ਬੁਨਿਆਦੀ ਲੋੜਾਂ ਕਾਰਨ ਓਨੇ ਤੰਗ ਨਹੀਂ ਜਿੰਨੇ ਬੇਲੋੜੇ ਵਿਖਾਵੇ ਕਾਰਨ ਤੰਗ ਹਨ। ਬਹੁਤੇ ਪਰਿਵਾਰ ਫੋਕੀਆਂ ਟੌਅ੍ਹਰਾਂ ਨੇ ਪੱਟੇ ਹਨ। ਜਿਹੜੇ ਪਰਿਵਾਰ ਫ਼ਜ਼ੂਲ ਦੇ ਖਰਚਿਆਂ ਤੋਂ ਬਚੇ ਹਨ, ਉਹ ਸੋਹਣਾ ਜੀਵਨ ਬਿਤਾ ਰਹੇ ਹਨ।

ਬੰਦੇ ਦੀਆਂ ਜੀਵਨ ਲੋੜਾਂ ਐਨੀਆਂ ਨਹੀਂ ਜਿੰਨੀਆਂ ਉਸ ਨੇ ਵਧਾ ਰੱਖੀਆਂ ਹਨ। ਉਹ ਕੁਦਰਤ ਦੇ ਨਹੀਂ, ਆਪਣੇ ਹੀ ਸਹੇੜੇ ਵਖ਼ਤ ਨੂੰ ਫੜਿਆ ਹੋਇਆ ਹੈ ਤੇ ਉਹਦੀ ਹਾਲਤ ਆਪੇ ਫਾਥੜੀਏ ਤੈਨੂੰ ਕੌਣ ਛੁਡਾਏ ਵਾਲੀ ਹੈ। ਉਹ ਫੁਕਰੀਆਂ ਫੜ੍ਹਾਂ ਮਾਰਨ ਦੇ ਫੁਕਰੇ ਮੁਕਾਬਲੇ ਵਿਚ ਪੈ ਕੇ ਆਪਣੇ ਆਪ ਨੂੰ ਕੰਗਾਲ ਤੇ ਹੀਣਾ ਸਮਝਣ ਲੱਗ ਪਿਆ ਹੈ। ਬਹੁਤੇ ਬੰਦਿਆਂ ਨੇ ਆਪਣੀ ਹਾਲਤ ਉਸ ਮਿਰਾਸਣ ਵਰਗੀ ਬਣਾ ਰੱਖੀ ਹੈ ਜਿਸ ਨੇ ਸੋਨੇ ਦੀ ਛਾਪ ਵਿਖਾਉਣ ਲਈ ਆਪਣੇ ਘਰ ਨੂੰ ਅੱਗ ਲਾ ਲਈ ਸੀ। ਉਸ ਨੂੰ ਕਿਸੇ 'ਵੱਡੇ ਘਰ' ਦੇ ਵਿਆਹ 'ਚੋਂ ਸੋਨੇ ਦੀ ਛਾਪ ਮਿਲ ਗਈ ਸੀ। ਛਾਪ ਉਂਗਲ 'ਚ ਪਾ ਕੇ ਉਹ ਬੀਹੀਆਂ ਵਿਹੜਿਆਂ ਵਿਚ ਗੇੜੇ ਦਿੰਦੀ ਰਹੀ। ਪਰ ਨਾ ਕਿਸੇ ਨੇ ਉਹਦੀ ਛਾਪ ਵੇਖੀ ਨਾ ਸਲਾਹੀ। ਉਹ ਬੜੀ ਪਰੇਸ਼ਾਨ ਹੋਈ ਕਿ ਸੋਨੇ ਦੀ ਲਿਸ਼ ਲਿਸ਼ ਕਰਦੀ ਛਾਪ ਵੀ ਲੋਕਾਂ ਨੂੰ ਨਹੀਂ ਸੀ ਦਿਸ ਰਹੀ! ਅੱਕ ਕੇ ਉਸ ਨੇ ਆਪਣੇ ਘਰ ਨੂੰ ਆਪ ਹੀ ਅੱਗ ਲਾ ਲਈ ਤੇ ਰੌਲ਼ੀ ਪਾਉਣ ਲੱਗੀ: ਮੇਰਾ ਘਰ ਸੜ ਗਿਆ ਜੇ, ਲੋਕੋ ਅੱਗ ਬੁਝਾਓ! ਲੋਕ ਅੱਗ ਬੁਝਾਉਣ ਲਈ ਪਾਣੀ ਦੀਆਂ ਬਾਲਟੀਆਂ ਚੁੱਕੀ ਦੌੜੇ ਆਏ। ਉਹ ਛਾਪ ਵਾਲੀ ਉਂਗਲ ਉਠਾ ਕੇ ਇਸ਼ਾਰੇ ਕਰੇ, ਐਧਰ ਵੀ ਭਾਂਬੜ ਨਿਕਲਣ ਡਹੇ ਨੇ, ਉਹ ਵੀ ਬੁਝਾਓ। ਅੱਗ ਬੁਝਾਉਣ ਵਾਲਿਆਂ ਦਾ ਧਿਆਨ ਫਿਰ ਵੀ ਛਾਪ ਵੱਲ ਨਾ ਗਿਆ। ਅੱਗ ਬੁਝਾ ਕੇ ਜਦੋਂ ਉਹ ਵਾਪਸ ਜਾਣ ਲੱਗੇ ਤਾਂ ਮਿਰਾਸਣ ਨੇ ਆਖਰੀ ਹੰਭਲਾ ਮਾਰਦਿਆਂ ਛਾਪ ਵਾਲੀ ਉਂਗਲ ਉਠਾ ਕੇ ਕਿਹਾ, "ਐਥੋਂ ਲੱਗੀ ਸੀ ਅੱਗ!"

ਲੋਕਾਂ ਨੇ ਛਾਪ ਫੇਰ ਵੀ ਨਾ ਵੇਖੀ। ਘਰ ਨੂੰ ਲੱਗੇ ਭਾਂਬੜ ਤਾਂ ਬੁਝ ਗਏ ਪਰ ਮਿਰਾਸਣ ਦਾ ਟੌਅ੍ਹਰ ਵਿਖਾਉਣ ਦਾ ਭਾਂਬੜ ਬੁਝ ਨਾ ਸਕਿਆ। ਉਸ ਨੇ ਘਰ ਫੂਕ ਲਿਆ, ਲੋਕਾਂ ਦਾ ਤਮਾਸ਼ਾ ਬਣੀ ਤੇ ਘਰ ਦੇ ਲੇਫ ਤਲਾਈਆਂ ਦੀ ਥਾਂ ਸੁਆਹ 'ਚ ਸੁੱਤੀ। ਫੋਕੀਆਂ ਟੌਅ੍ਹਰਾਂ ਤੇ ਵਾਧੂ ਵੇਖਵਿਖਾਵਾ ਕਰਨ ਵਾਲਿਆਂ ਦਾ ਹਾਲ ਇੰਜ ਹੀ ਹੁੰਦੈ। ਦੇਸ਼ ਵਿਚ ਵੀ ਤੇ ਵਿਦੇਸ਼ਾਂ ਵਿਚ ਵੀ ਸਾਡੇ ਬਹੁਤ ਸਾਰੇ ਲੋਕਾਂ ਦਾ ਹਾਲ ਉਸ ਮਿਰਾਸਣ ਵਰਗਾ ਵੇਖੀਦੈ। ਇਕ ਦੂਜੇ ਦੀ ਰੀਸੋ ਰੀਸੀ ਉਹ ਔਖੇ ਤੋਂ ਹੋਰ ਔਖੇ ਹੋਈ ਜਾਂਦੇ ਨੇ।

ਜੇ ਕੋਈ ਕਹੇ ਕਿ ਅਜਿਹਾ ਪੰਜਾਬ ਵਿਚ ਹੀ ਹੁੰਦੈ, ਵਿਦੇਸ਼ਾਂ ਵਿਚ ਵਸੇ ਪੰਜਾਬੀਆਂ 'ਚ ਨਹੀਂ ਹੁੰਦਾ ਤਾਂ ਉਸ ਨੂੰ ਭੁਲੇਖੇ 'ਚ ਨਹੀਂ ਰਹਿਣਾ ਚਾਹੀਦਾ। ਵਿਦੇਸ਼ਾਂ 'ਚ ਵੀ ਵਿਆਹਾਂ ਦੀਆਂ ਵਧਦੀਆਂ ਰੀਸਾਂ ਘੜੀਸਾਂ ਨੇ ਬੜਾ ਝਮੇਲਾ ਪਾਇਆ ਹੋਇਐ। ਭੇਤੀ ਜਾਣਦੇ ਹਨ ਕਿ ਬਹੁਤੇ ਬੰਦੇ ਏਧਰੋਂ ਓਧਰੋਂ ਪੈਸੇ ਫੜ-ਫੜਾ ਕੇ, ਝੁੱਗਾ ਚੌੜ ਕਰਾ ਕੇ ਹੀ ਪਰਦੇਸ ਪੁੱਜਦੇ ਹਨ। ਉਨ੍ਹਾਂ ਨੇ ਅੱਗੇ ਪਿੱਛੇ ਦੀਆਂ ਬਥੇਰੀਆਂ ਖੁੱਡਾਂ ਮੁੰਦਣੀਆਂ ਹੁੰਦੀਆਂ ਹਨ। ਨੀਂਦਾਂ ਟਾਲ ਕੇ ਓਵਰ ਟਾਈਮ ਲਾਉਂਦੇ ਹਨ। ਕਈ ਦੂਹਰੀਆਂ ਸ਼ਿਫਟਾਂ 'ਚ ਕਸੇ ਰਹਿੰਦੇ ਹਨ। ਕਿਸੇ ਦੀ ਸ਼ਿਫਟ ਦਿਨ ਦੀ ਹੁੰਦੀ ਹੈ, ਕਿਸੇ ਦੀ ਰਾਤ ਦੀ। ਨਿਆਣੇ 'ਬੇਬੀ ਸਿੱਟਰਾਂ' 'ਚ ਪਲ਼ਦੇ ਤੇ ਰੁਲ਼ਦੇ ਹਨ। ਕਈ ਆਪਣੇ ਨਿਆਣਿਆਂ ਦਾ ਮੂੰਹ ਵੀ ਚੰਗੀ ਤਰ੍ਹਾਂ ਨਹੀਂ ਵੇਖ ਸਕਦੇ। ਉਹ ਕਦੇ ਆਪਣੇ ਬੱਚਿਆਂ ਦੇ ਹੱਥਾਂ 'ਤੇ ਘੋਲ ਕੰਡੇ ਕਰਦੇ ਨਹੀਂ ਵੇਖੇ।

ਇਹ ਕਿਧਰਲੀ ਸ਼ਾਨ ਹੋਈ ਕਿ ਜਿਨ੍ਹਾਂ ਬੱਚਿਆਂ ਨੂੰ ਵੇਲੇ ਸਿਰ ਦੁੱਧ ਵੀ ਨਹੀਂ ਚੁੰਘਾਅ ਹੁੰਦਾ ਤੇ ਮੂੰਹ-ਮੱਥਾ ਵੀ ਨੀ ਚੁੰਮ ਹੁੰਦਾ, ਉਨ੍ਹਾਂ ਦੇ ਜਨਮ ਦਿਨਾਂ ਦੀਆਂ ਪਾਰਟੀਆਂ ਉਤੇ ਬੈਂਕਟ ਹਾਲ ਬੁੱਕ ਕਰਾਏ ਜਾਣ। ਫ਼ਜ਼ੂਲ ਖਰਚਾ ਕੀਤਾ ਜਾਵੇ ਤੇ ਹੱਡਭੰਨਵੀਂ ਕਮਾਈ ਫੋਕੀ ਟੌਅ੍ਹਰ ਵਿਖਾਉਣ 'ਚ ਰੋੜ੍ਹ ਦਿੱਤੀ ਜਾਵੇ? ਥੋੜ੍ਹ-ਚਿਰੀ ਬੱਲੇ-ਬੱਲੇ ਲਈ ਅਨੇਕਾਂ ਸੁਖ ਸਹੂਲਤਾਂ ਵਾਰ ਦਿੱਤੀਆਂ ਜਾਣ? ਵਿਆਹਾਂ ਦੀਆਂ ਪ੍ਰੀ-ਮੈਰਿਜ ਵੀਡੀਓਜ਼, ਅਤਿ ਮਹਿੰਗੀ ਫੋਟੋਗਰਾਫੀ, ਵਿਸ਼ਾਲ ਮੈਰਿਜ ਪੈਲਸ ਤੇ ਉਨ੍ਹਾਂ ਦੀ ਸਜਾਵਟ, ਅਸ਼ਲੀਲ ਡੀਜੇ, ਨਚਾਰਾਂ ਵਰਗੇ ਗਾਇਕ, ਦਰਜਨਾਂ ਪਕਵਾਨ, ਇੰਪੋਰਟਿਡ ਵਿਸਕੀਆਂ, ਮਹਿੰਗੇ ਸੂਟਾਂ, ਲਹਿੰਗੇ ਤੇ ਅਚਕਨਾਂ, ਹੀਰਿਆਂ ਦੇ ਹਾਰ, ਭਾਰੇ ਗਹਿਣਿਆਂ ਤੇ ਬਹੁਤੇ ਖਾਣਿਆਂ ਪੀਣਿਆਂ ਨਾਲ ਵਿਆਹਾਂ ਨੂੰ ਕੋਈ ਖੰਭ ਨਹੀਂ ਲੱਗ ਜਾਂਦੇ। ਨਾ ਮਹਿੰਗੀਆਂ ਕਾਰਾਂ ਨਾਲ ਕੋਈ ਵੱਡਾ ਬਣਦੈ ਤੇ ਨਾ ਮਹਿੰਗੀਆਂ ਸਕਾਚਾਂ ਵਧੇਰੇ ਚਿਰ ਚੜ੍ਹਦੀਆਂ। ਕੀਮਤੀ ਤੋਹਫ਼ਿਆਂ ਨਾਲ ਕੋਈ ਸੱਚੀਮੁੱਚੀਂ ਖ਼ੁਸ਼ਹਾਲ ਨਹੀਂ ਹੋ ਜਾਂਦਾ। ਮੂੰਹ 'ਤੇ ਸਲਾਹੁਣ ਵਾਲੇ ਪਿੱਠ ਪਿੱਛੇ ਨਿੰਦਦੇ ਵੀ ਵੇਖੀਦੇ ਹਨ। 'ਦੇਸੀ ਬਾਂਦਰੀ ਵਲੈਤੀ ਚੀਕਾਂ ਮਾਰੇ' ਵਰਗੇ ਗੀਤ ਐਵੇਂ ਨਹੀਂ ਜੁੜੇ।

ਸਾਡੇ ਵੇਲ਼ੇ ਜਿੰਨੇ ਪੈਸੇ ਪੂਰੇ ਵਿਆਹ 'ਤੇ ਲੱਗਦੇ ਸਨ, ਓਨੇ ਪੈਸਿਆਂ ਨਾਲ ਤਾਂ ਹੁਣ ਲਾੜੀ ਦਾ 'ਬਿਊਟੀ ਪਾਰਲਰ' ਵੀ ਨਹੀਂ ਹੁੰਦਾ! ਕੋਈ ਪੁੱਛੇ, ਜੀਹਦੇ ਕੋਲ ਬਿਊਟੀ ਹੈ ਉਹਨੂੰ ਪਾਰਲਰ ਦੀ ਕੀ ਲੋੜ? ਵਾਧੂ ਦੇ ਪੰਗੇ ਫੋਟੋਗਰਾਫੀ ਤੇ ਵੀਡੀਓਜ਼ ਵਾਲਿਆਂ ਦੀਆਂ ਟੀਮਾਂ ਸਹੇੜ ਕੇ ਲਏ ਹੁੰਦੇ ਨੇ। ਉਹਨਾਂ ਦੀ ਗਿਣਤੀ ਹੀ ਨਾਨਕੇ ਮੇਲ ਤੋਂ ਵੱਧ ਹੁੰਦੀ ਐ ਜਿਹੜੀ ਕੋਈ ਵੀ ਰਸਮ ਵੇਲੇ ਸਿਰ ਸਿਰੇ ਨਹੀਂ ਚੜ੍ਹਨ ਦਿੰਦੀ। ਉਹ ਅੜਿੱਕੇ ਡਾਹੁੰਦੇ ਅਨੰਦ ਕਾਰਜ ਦੀ ਮਰਿਆਦਾ ਵੀ ਭੰਗ ਕਰਨ ਤਕ ਚਲੇ ਜਾਂਦੇ ਹਨ। ਹੋਰ ਤਾਂ ਹੋਰ, ਫੋਟੋਗਰਾਫੀ, ਐਲਬਮਾਂ ਤੇ ਵੀਡੀਓਜ਼ ਦੇ ਬਿੱਲ ਹੀ ਲੱਖਾਂ ਦੇ ਆਉਣ ਲੱਗ ਪਏ ਹਨ। ਸ਼ੁਕਰ ਹੈ ਅਸੀਂ ਫੋਟੋਗਰਾਫੀ ਤੋਂ ਬਿਨਾਂ ਹੀ ਵਿਆਹ ਕਰਾ ਲਿਆ ਸੀ। ਸਾਨੂੰ ਤਾਂ ਕਦੇ ਹੇਰਵਾ ਨਹੀਂ ਹੋਇਆ ਕਿ ਸਾਡੇ ਪਾਸ ਵਿਆਹ ਦੀ ਇਕ ਵੀ ਫੋਟੋ ਨਹੀਂ! ਜਦੋਂ ਆਪ ਹੈਗੇ ਆਂ, ਕੀ ਕਰਨੇ ਸਨ ਫੋਟੋ?

ਇਹ ਅਸਲੀਅਤ ਹੈ ਕਿ ਪਰਵਾਸੀਆਂ ਸਿਰ ਥੋੜ੍ਹਾ ਬਹੁਤਾ ਕਰਜ਼ਾ ਜ਼ਰੂਰ ਹੁੰਦਾ ਹੈ। ਵਿਦੇਸ਼ੋਂ ਭਾਵੇਂ ਉਹ ਕਰਜ਼ਾ ਚੁੱਕ ਕੇ ਦੇਸ਼ ਪਹੁੰਚਣ ਪਰ ਵਿਖਾਵਾ ਇੰਜ ਕਰਦੇ ਨੇ ਜਿਵੇਂ ਬੜੇ ਵੱਡੇ ਸਟੋਰਾਂ ਦੇ ਮਾਲਕ ਹੋਣ। ਮਹੀਨੇ ਖੰਡ ਦੇ ਤੋਰੇ ਫੇਰੇ ਤੇ ਵੇਖ ਵਿਖਾਵੇ ਪਿੱਛੋਂ ਅੱਵਲ ਤਾਂ ਕਿਸੇ ਦਾ ਘਰ ਉਜਾੜ ਕੇ ਮੁੜਦੇ ਹਨ, ਨਹੀਂ ਫਿਰ ਆਪਣਾ ਤਾਂ ਉਜੜਿਆ ਮਿਲਦਾ ਹੀ ਹੈ। ਚੌਕੀਦਾਰਾ ਕਰਨ ਵਾਲੇ ਵੀ ਵਿਖਾਵਾ ਅਜਿਹਾ ਕਰਦੇ ਹਨ ਜਿਵੇਂ ਕੰਪਨੀਆਂ ਦੇ ਮੈਨੇਜਰ ਜਾਂ ਡਾਇਰੈਟਰ ਲੱਗੇ ਹੋਣ। ਖੱਤਿਆਂ 'ਚ ਦਿਹਾੜੀਆਂ ਕਰਨ ਵਾਲੇ ਵੀ ਕਹਿਣਗੇ ਅਸੀਂ ਤਾਂ ਜੀ ਓਥੇ ਫਲ ਫਰੂਟਾਂ 'ਚ ਈ ਰਹਿੰਨੇ ਆਂ! ਬਹੁਤਿਆਂ ਘਰਾਂ ਦੀਆਂ ਪਹਿਲੀਆਂ ਕਿਸ਼ਤਾਂ ਲੱਥੀਆਂ ਨਹੀਂ ਹੁੰਦੀਆਂ ਪਰ ਉਹ ਪਹਿਲਾਂ ਨਾਲੋਂ ਵੀ ਵੱਡਾ ਘਰ ਖਰੀਦਣ ਦਾ ਬਿਆਨਾ ਭਰ ਦਿੰਦੇ ਹਨ। ਫਰਨੀਚਰ 'ਤੇ ਹੋਰ ਸਾਜ ਬਾਜ ਏਨਾ ਖਰੀਦ ਲੈਂਦੇ ਹਨ ਕਿ ਘਰ ਸਮਾਨ ਨਾਲ ਭਰ ਜਾਂਦੈ ਤੇ ਘਰ ਦੇ ਜੀਅ ਬਾਹਰ ਨਿਕਲ ਜਾਂਦੇ ਨੇ! ਸਾਡੇ ਵੇਲੇ ਦੋ ਚਾਰ ਜੋੜੇ ਜਾਮਿਆਂ ਨਾਲ ਸਰ ਜਾਂਦਾ ਸੀ। ਹੁਣ ਦਸ ਵੀਹ ਸੂਟਾਂ ਨਾਲ ਵੀ ਨਹੀਂ ਸਰਦਾ। ਖ਼ਾਸ ਕਰ ਕੇ ਤ੍ਰੀਮਤਾਂ ਦਾ। ਦਸ ਵੀਹ ਸੂਟ ਤਾਂ ਕਹਿੰਦੀਆਂ ਹਨ ਕਿ ਜਣੀ ਖਣੀ ਕੋਲ ਹਨ। ਉਨ੍ਹਾਂ ਲਈ ਤੀਹ ਵੀ ਥੋੜ੍ਹੇ ਹਨ ਤੇ ਚਾਲੀ ਵੀ ਥੋੜ੍ਹੇ। ਕਈਆਂ ਨੂੰ ਭਾਵੇਂ ਥਾਨਾਂ 'ਚ ਦੱਬ ਦਿਓ ਫਿਰ ਵੀ ਪੁੱਛਣਗੀਆਂ, ਹੋਰ ਥਾਨ ਹੈਗੇ ਕਿ ਮੁੱਕਗੇ?

ਮਹਿੰਗੇ ਕਪੜੇ ਪਹਿਨ ਕੇ ਕੋਈ ਸੋਹਣਾ ਨਹੀਂ ਬਣ ਜਾਂਦਾ ਹੁੰਦਾ। ਸੁਹੱਪਣ ਤਾਂ ਸਡੌਲ ਜੁੱਸਿਆਂ 'ਤੇ ਹੀ ਲਿਸ਼ਕਦਾ ਹੈ ਜਿਨ੍ਹਾਂ ਦੇ ਸਾਦੇ ਲਿਬਾਸ ਵੀ ਕਿਸੇ ਨੂੰ ਪੁੰਨਿਆਂ ਦਾ ਚੰਨ ਬਣਾ ਦਿੰਦੇ ਹਨ। ਲੋੜ ਤੋਂ ਵੱਧ ਕਪੜਿਆਂ, ਗਹਿਣਿਆਂ, ਬਰਤਨਾਂ, ਖਾਣਿਆਂ, ਸਜ ਧਜ ਦੇ ਸਾਮਾਨ, ਫਰਨੀਚਰ, ਵਹੀਕਲ ਤੇ ਵੱਡੇ ਘਰਾਂ ਦਾ ਉਨਾ ਸੁਖ ਨਹੀਂ ਮਿਲਦਾ ਜਿੰਨਾ ਉਨ੍ਹਾਂ ਦੀ ਸਾਂਭ ਸੰਭਾਲ ਦਾ ਕਸ਼ਟ ਸਹਿਣਾ ਪੈਂਦਾ ਹੈ। ਇਹ ਜੋ ਜਨਮ ਦਿਨਾਂ ਤੇ ਵਿਆਹ ਦਿਨਾਂ ਦੀਆਂ ਵਰ੍ਹੇ-ਗੰਢਾਂ, ਘਰ ਪ੍ਰਵੇਸ਼, ਬੱਚਿਆਂ ਦੀ ਵਾਰ ਵਾਰ ਦੀ ਗਰੈਜੂਏਸ਼ਨ ਤੇ ਵਿਆਹਾਂ ਮੰਗਣਿਆਂ ਦੀਆਂ ਦੂਹਰੀਆਂ ਚੌਹਰੀਆਂ ਪਾਰਟੀਆਂ ਕਰਨ ਦੀ ਰੀਤ ਹਰੇਕ ਵੀਕਐਂਡ ਦੀ ਚੱਲ ਪਈ ਹੈ ਜੇ ਰੋਕੀ ਨਾ ਗਈ ਤਾਂ ਸਭਨਾਂ ਦੇ ਹੱਥੀਂ ਠੂਠੇ ਫੜਾਏਗੀ।

ਫੋਕੀ ਭੱਲ ਬਣਾਉਣ ਖ਼ਾਤਰ ਵਿਦੇਸ਼ਾਂ 'ਚ ਰਿਸ਼ਤੇ ਕਰਨੇ, ਵਧ ਚੜ੍ਹ ਕੇ ਦਾਜ ਦਹੇਜ ਦੇਣਾ, ਸ਼ਰਾਬਾਂ ਦੇ ਸਦਾਵਰਤ ਲਾਉਣੇ, ਪਿਸਤੌਲ ਲੱਕ ਨਾਲ ਲਟਕਾਈ ਤੇ ਬੰਦੂਕਾਂ ਮੋਢੇ ਪਾਈ ਫਿਰਨਾ, ਹੱਥੀਂ ਕੰਮ ਕਰਨਾ ਛੱਡ ਕੇ ਨੌਕਰ ਚਾਕਰ ਰੱਖਣੇ, ਪੈਰੀਂ ਤੁਰਨ ਨੂੰ ਮਿਹਣਾ ਮੰਨਣਾ, ਚੰਗੀਆਂ ਭਲੀਆਂ ਬੱਸਾਂ ਹੋਣ ਦੇ ਬਾਵਜੂਦ ਟੈਕਸੀਆਂ ਕਿਰਾਏ 'ਤੇ ਕਰਨੀਆਂ ਤੇ ਬਰਾਂਡਡ ਵਸਤਾਂ ਦਾ ਵਿਖਾਵਾ ਕਰਨਾ ਕਿਸੇ ਨੂੰ ਸੱਚੀਮੁਚੀਂ 'ਵੱਡਾ ਬੰਦਾ' ਬਣਾਉਣ ਵਾਲੇ ਕਰਮ ਨਹੀਂ। ਦਸ ਦਸ ਤੋਲੇ ਦੇ ਕੜੇ ਪਾਈ ਫਿਰਨੇ ਕਿਸੇ ਨੂੰ ਦਾਨਾ ਬੀਨਾ ਨਹੀਂ ਬਣਾਉਂਦੇ। ਰੀਸ ਕਰਨੀ ਹੈ ਤਾਂ ਸਾਦ ਮੁਰਾਦੇ ਤੇ ਹੋਰਨਾਂ ਦਾ ਭਲਾ ਕਰਨ ਵਾਲੇ ਇਨਸਾਨਾਂ ਦੀ ਕਰੋ।

ਪੰਜਾਬ ਦੇ ਤੇਰਾਂ ਹਜ਼ਾਰ ਪਿੰਡਾਂ 'ਚ ਪੱਚੀ ਹਜ਼ਾਰ ਤੋਂ ਵੱਧ ਗੁਰਦਵਾਰੇ ਹਨ ਜਿਨ੍ਹਾਂ 'ਤੇ ਸੰਗਤਾਂ ਦੇ ਕਰੋੜਾਂ ਅਰਬਾਂ ਰੁਪਏ ਲੱਗੇ ਹਨ। ਇਨ੍ਹਾਂ ਆਲੀਸ਼ਾਨ ਇਮਾਰਤਾਂ ਦੀ ਪੂਰੀ ਸਦਵਰਤੋਂ ਨਹੀਂ ਹੋ ਰਹੀ। ਇਨ੍ਹਾਂ 'ਚ ਪਿੰਡ ਦੀਆਂ ਧੀਆਂ ਧਿਆਣੀਆਂ ਦੇ ਵਿਆਹ ਤੇ ਸੁਰਗਵਾਸ ਹੋਇਆਂ ਦੇ ਸ਼ਰਧਾਂਜਲੀ ਸਮਾਗਮ ਸਾਦਗੀ ਨਾਲ ਕੀਤੇ ਜਾ ਸਕਦੇ ਹਨ। ਧਾਰਮਿਕ ਜ਼ਾਬਤੇ ਚ ਰਹਿ ਕੇ ਸਾਹਿਤਕ, ਸਭਿਆਚਾਰਕ, ਅਕਾਦਮਿਕ ਤੇ ਸਮਾਜ ਸੁਧਾਰਕ ਸੰਗਤੀ 'ਕੱਠ ਕੀਤੇ ਜਾ ਸਕਦੇ ਹਨ। ਲਾਇਬ੍ਰੇਰੀਆਂ ਤੇ ਡਿਸਪੈਂਸਰੀਆਂ ਦਾ ਪ੍ਰਬੰਧ ਕੀਤਾ ਜਾ ਸਕਦੈ। ਖੇਤੀਬਾੜੀ ਤੇ ਸਿਹਤ ਸੰਭਾਲ ਦੇ ਗੁਰ ਦੱਸੇ ਜਾ ਸਕਦੇ ਹਨ।

ਹੈਰਾਨੀ ਹੈ ਕਿ ਪਿੰਡਾਂ ਦੇ ਕਿਰਤੀ ਪਰਿਵਾਰ ਵੀ ਆਪਣੇ ਧੀਆਂ ਪੁੱਤਾਂ ਦੇ ਵਿਆਹ ਸ਼ਹਿਰੀ ਮੈਰਿਜ ਪੈਲਸਾਂ ਵਿਚ ਕਰਨ ਲੱਗੇ ਹਨ! ਪਰਦੇਸਾਂ 'ਚ ਤਾਂ ਭਲਾ ਲੋੜ ਸੀ, ਪੰਜਾਬ ਦੇ ਸ਼ਹਿਰਾਂ ਦੀ ਵੀ ਸਮਝ ਆਉਂਦੀ ਹੈ ਪਰ ਪਿੰਡਾਂ ਵਾਲੇ ਕਾਹਦੇ ਲਈ ਝੁੱਗੇ ਚੌੜ ਕਰਾਈ ਜਾਂਦੇ ਹਨ? ਪੇਂਡੂਆਂ ਕੋਲ ਆਪਣੇ ਗੁਰੂਘਰ, ਧਰਮਸ਼ਾਲਾਂ, ਪੰਚਾਇਤ ਘਰ ਤੇ ਖੁੱਲ੍ਹੇ ਵਿਹੜੇ ਹਨ। ਆਪਣਾ ਭਾਈਚਾਰਾ ਹੈ ਜਿਨ੍ਹਾਂ ਦੇ ਖੁੱਲ੍ਹੇ ਘਰ ਬਾਰ ਹਨ। ਉਹ ਕਿਤੇ ਵੀ ਚਾਨਣੀ ਲਾ ਕੇ ਵਿਆਹ ਸਮਾਗਮ ਕਰ ਸਕਦੇ ਹਨ। ਪੇਂਡੂਆਂ ਦਾ ਮੈਰਿਜ ਪੈਲਸਾਂ 'ਚ ਜਾ ਕੇ ਵਿਆਹ ਕਰਨਾ ਇੰਜ ਹੈ ਜਿਵੇਂ ਉਨ੍ਹਾਂ ਦਾ ਸਾਰਾ ਸ਼ਰੀਕਾ ਕਬੀਲਾ ਕਚਹਿਰੀ ਤਰੀਕ ਭੁਗਤਣ ਚੱਲਿਆ ਹੋਵੇ। ਮੈਰਿਜ ਪੈਲਸਾਂ ਵਿਚ ਕਈਆਂ ਨੂੰ ਸਹੀ ਢੰਗ ਨਾਲ ਖਾਣਾ ਪੀਣਾ ਵੀ ਨਹੀਂ ਆਉਂਦਾ ਹੁੰਦਾ। ਇਕੋ ਜਣਾ ਕਈ ਪਲੇਟਾਂ ਲਬੇੜ ਧਰਦੈ। ਸਿੱਧਪੱਧਰੇ ਬੰਦੇ ਪੱਬਾਂ ਭਾਰ ਬੈਠੇ ਵੇਖੀਦੇ ਨੇ ਜਿਵੇਂ ਸ਼ੱਕ 'ਚ ਫੜੇ ਹੋਣ! ਵਿਆਹ ਵਾਲਿਆਂ ਦਾ ਕੂੰਡਾ ਤਾਂ ਹੁੰਦਾ ਹੀ ਹੈ ਮੇਲੀ ਗੇਲੀ ਵੀ ਡੀਜੇ ਦੇ ਰੌਲੇ-ਰੱਪੇ 'ਚ ਕੰਨ ਬੋਲੇ ਕਰਾਉਂਦੇ ਹਜ਼ਾਰ ਦੋ ਹਜ਼ਾਰ ਦੀ ਲੁਪਰੀ ਲੁਆ ਬਹਿੰਦੇ ਨੇ। ਮੁੜਦਿਆਂ ਇਉਂ ਲੱਗਦੇ ਨੇ ਜਿਵੇਂ ਸਚਮੁੱਚ ਹੀ ਤਰੀਕ ਭੁਗਤ ਕੇ ਆਏ ਹੋਣ!


ਹੁਣ ਅਮਰੀਕਾ ਕੈਨੇਡਾ ਦੇ ਪੰਜਾਬੀ ਪਰਿਵਾਰਾਂ 'ਚ ਮੈਕਸੀਕੋ ਜਾ ਕੇ ਵਿਆਹ ਕਰਾਉਣ ਦਾ ਨਵਾਂ ਤੋਰਾ ਤੁਰ ਪਿਐ। ਕਾਰਨ ਦੱਸਿਆ ਜਾ ਰਿਹੈ ਕਿ ਪੰਜਾਬੀਆਂ ਦੀ ਵਸੋਂ ਵਾਲੇ ਸ਼ਹਿਰਾਂ ਵਿਚ ਵਿਆਹ ਕਰੀਏ ਤਾਂ ਪੇਂਡੂਆਂ ਤੇ ਦੋਸਤਾਂ ਮਿੱਤਰਾਂ ਦਾ 'ਕੱਠ ਬਹੁਤਾ ਹੋ ਜਾਂਦੈ ਜੋ ਬੱਚੇ ਪਸੰਦ ਨਹੀਂ ਕਰਦੇ। ਸ਼ੁਰੂ 'ਚ ਗ੍ਰੇਟਰ ਵੈਨਕੂਵਰ ਦੇ ਪੰਜਾਬੀ ਮੁੰਡੇ ਕੁੜੀਆਂ ਦੇ ਵਿਆਹ ਮੈਕਸੀਕੋ ਦੇ ਦੱਖਣ ਪੂਰਬੀ ਇਲਾਕੇ ਵਿਚ ਕੈਨ-ਕੁਨ ਦੇ ਰਿਜ਼ੌਰਟ 'ਚ ਹੋਣ ਲੱਗੇ ਸਨ। ਵੈਨਕੂਵਰ ਤੋਂ ਕੈਨ-ਕੁਨ ਹਵਾਈ ਅੱਡੇ ਦੀ ਛੇ ਘੰਟਿਆਂ ਦੀ ਉਡਾਣ ਸੀ। ਅੱਜਕੱਲ੍ਹ ਮੈਕਸੀਕੋ ਦੇ ਲੌਸ ਕੈਬੋਜ਼ ਰਿਜ਼ੌਰਟ 'ਚ ਵਿਆਹ ਹੋਣ ਲੱਗੇ ਹਨ ਜਿਥੇ ਪੁੱਜਣ 'ਚ ਸਾਢੇ ਚਾਰ ਘੰਟੇ ਲੱਗਦੇ ਹਨ। ਅਨੰਦ ਕਾਰਜ ਲਈ ਵੈਨਕੂਵਰ ਤੋਂ ਹੀ ਗਰੰਥੀ ਤੇ ਕੀਰਤਨੀਏਂ ਸਿੰਘ ਲਿਜਾਏ ਜਾਂਦੇ ਹਨ।


ਅਜਿਹੇ ਵਿਆਹਾਂ 'ਚ ਸ਼ਾਮਲ ਹੋਣ ਲਈ ਹਾਲੇ ਸੌ ਦੋ ਸੌ ਮਹਿਮਾਨ ਹਵਾਈ ਜਹਾਜ਼ ਚੜ੍ਹਨ ਲੱਗੇ ਹਨ ਜਿਨ੍ਹਾਂ ਦਾ ਆਪੋ ਆਪਣਾ ਨਿੱਜੀ ਖਰਚਾ ਚਾਰ ਪੰਜ ਹਜ਼ਾਰ ਡਾਲਰ ਦੇ ਆਸ ਪਾਸ ਹੋਣ ਲੱਗਾ ਹੈ। ਵਿਆਹ ਚਾਰ ਪੰਜ ਦਿਨ ਚਲਦਾ ਹੈ। ਰਿਜ਼ੌਰਟ ਦੇ ਆਮ ਕਮਰੇ ਦਾ ਕਿਰਾਇਆ 800 ਤੇ ਖ਼ਾਸ ਦਾ 2500 ਡਾਲਰ ਪ੍ਰਤੀ ਦਿਨ ਹੁੰਦਾ ਹੈ। ਇੰਜ ਵਿਆਹੁਤਾ ਜੋੜੇ ਦੇ ਘਰ ਵਾਲਿਆਂ ਦਾ ਤਾਂ ਝੁੱਗਾ ਚੌੜ ਹੋਣਾ ਹੀ ਹੁੰਦਾ ਚੋਪੜੇ ਮਹਿਮਾਨ ਵੀ ਜਾਂਦੇ ਹਨ। ਜਦੋਂ ਕਦੇ ਉਹਨਾਂ ਰਿਜ਼ੌਰਟਾਂ 'ਚ ਵੀ ਪੰਜਾਬੀਆਂ ਦੇ ਦਾਰੂ ਪੀਣਿਆਂ ਦਾ ਭੜਥੂ ਪੈਣ ਲੱਗਾ ਤਾਂ ਅੰਦਾਜ਼ਾ ਲਾ ਲਓ ਕੀ ਭਾਅ ਪਵੇਗਾ? ਫਿਰ ਉਹ ਕਿਥੇ ਜਾਣਗੇ? ਵਿਆਹ ਸ਼ਾਦੀਆਂ ਦੇ ਦਿਨੋ ਦਿਨ ਵੱਧ ਰਹੇ ਫ਼ਜ਼ੂਲ ਖਰਚਿਆਂ ਦਾ ਹੱਲ ਸਮਾਜਕ, ਧਾਰਮਕ, ਬੁਧੀਜੀਵੀ ਤੇ ਰਾਜਨੀਤਕ ਨੇਤਾਵਾਂ ਨੂੰ ਰਲ ਮਿਲ ਕੇ ਕਰਨਾ ਚਾਹੀਦੈ ਜਿਵੇਂ ਪਾਕਿਸਤਾਨ ਵਿਚ ਪੱਛਮੀ ਪੰਜਾਬ ਦੀ ਸਰਕਾਰ ਨੇ 'ਗੈੱਸਟ ਕੰਟਰੋਲ ਆਰਡਰ' ਨਾਲ ਕੀਤਾ ਹੈ। ਉਹਦੀ ਉਲੰਘਣਾ ਕਰਨ ਵਾਲਿਆਂ ਨੂੰ ਇਕ ਮਹੀਨੇ ਤਕ ਦੀ ਕੈਦ ਤੇ ਪੰਜਾਹ ਹਜ਼ਾਰ ਤੋਂ ਵੀਹ ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

ਏਧਰ ਗੁਰਾਂ ਦੇ ਨਾਂ 'ਤੇ ਜੀਣ ਵਾਲਾ ਸਾਡਾ ਪੰਜਾਬ ਹੈ ਜਿਥੇ ਇਕ ਵਿਆਹ ਸਮਾਗਮ ਵਿਚ ਦਸ ਹਜ਼ਾਰ ਮਹਿਮਾਨਾਂ ਦਾ 'ਕੱਠ ਵੇਖਿਆ ਗਿਆ। ਬਹਿਰਿਆਂ ਤੇ ਵਿਸ਼ੇਸ਼ ਅਧਿਕਾਰੀਆਂ ਦੇ ਹਥਿਆਰਬੰਦ ਅੰਗ ਰੱਖਿਅਕਾਂ ਦੀਆਂ ਫੌਜਾਂ ਵੱਖਰੀਆਂ। ਉਥੇ 300 ਤੋਂ 350 ਵੰਨਗੀਆਂ ਦਾ ਖਾਣਾ ਪੀਣਾ ਪਰੋਸਿਆ ਗਿਆ ਜਿਸ ਵਿਚੋਂ ਤੀਜਾ ਚੌਥਾ ਹਿੱਸਾ ਜੂਠ ਬਣ ਕੇ ਬਰਬਾਦ ਹੋਇਆ। ਹੈ ਕੋਈ ਸਜ਼ਾ ਐਡੇ ਵੱਡੇ ਸਮਾਜਿਕ ਤੇ ਆਰਥਿਕ ਅਪਰਾਧ ਦੀ? ਕਿਸੇ ਸਰਕਾਰ, ਰਾਜਨੀਤਕ ਪਾਰਟੀ, ਧਾਰਮਿਕ ਕਮੇਟੀ, ਸਮਾਜਿਕ ਸੰਸਥਾ ਜਾਂ ਕਿਸੇ ਕਿਸਾਨ ਮਜਦੂਰ ਸਭਾ ਨੇ ਕੋਈ ਯਤਨ ਕੀਤਾ ਹੈ ਕਿ ਲਹਿੰਦੇ ਪੰਜਾਬ ਦੇ 'ਗੈੱਸਟ ਕੰਟਰੋਲ ਆਰਡਰ' ਦੀ ਹੀ ਰੀਸ ਕਰ ਲਵੇ। ਆਹ ਰਿਪੋਰਟ ਵੀ ਪੜ੍ਹ ਲਵੋ:

ਪੱਛਮੀ ਦੇਸ਼ਾਂ ਵਿਚ ਸ਼ੁਰੂ ਹੋਇਆ ਪ੍ਰੀ-ਵੈਡਿੰਗ ਫੋਟੋ ਸ਼ੂਟ ਦਾ ਰਿਵਾਜ ਐੱਨ. ਆਰ. ਆਈਜ਼ ਦੀ ਬਦੌਲਤ ਪੰਜਾਬ ਵਿਚ ਵੀ ਛਾ ਗਿਆ ਹੈ। ਵਿਆਹ ਤੋਂ ਪਹਿਲਾਂ ਲੜਕਾ-ਲੜਕੀ ਸੈਰ ਸਪਾਟੇ ਵਾਲੀਆਂ ਦੁਰਾਡੀਆਂ ਥਾਵਾਂ ਤੇ ਬੀਚਾਂ 'ਤੇ ਜਾ ਕੇ ਫਿਲਮੀ ਸਿਤਾਰਿਆਂ ਦੀ ਤਰ੍ਹਾਂ ਅਰਧ ਨਗਨ ਫੋਟੋਆਂ ਖਿਚਵਾਉਂਦੇ ਵੀਡੀਓਜ਼ ਬਣਵਾਉਂਦੇ ਹਨ। ਫਿਰ ਉਹ ਵੀਡੀਓਜ਼ ਵਿਆਹ ਵਿਚ ਆਏ ਮੇਲ ਮੂਹਰੇ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ। ਉਨ੍ਹਾਂ 'ਚ ਕਈ ਵਾਰ ਅਜਿਹੇ ਦ੍ਰਿਸ਼ ਸਾਹਮਣੇ ਆਉਂਦੇ ਹਨ ਜੋ ਮਾਪਿਆਂ ਤੇ ਰਿਸ਼ਤੇਦਾਰਾਂ ਨੂੰ ਸ਼ਰਮਸਾਰ ਕਰਨ ਵਾਲੇ ਹੁੰਦੇ ਹਨ। ਉਤੋਂ ਲੋਹੜਾ ਇਹ ਕਿ ਮੈਰਿਜ ਹਾਲ ਵਿਚ ਵੱਡੀ ਸਕਰੀਨ ਲਾ ਕੇ ਇਹ ਲੁੱਚਪੁਣਾ ਹਰ ਐਰੇ ਗੈਰੇ ਨੂੰ ਵਿਖਾਇਆ ਜਾਂਦਾ ਹੈ ਤੇ ਇਸ ਦੀਆਂ ਤਸਵੀਰਾਂ ਨਿਸ਼ਾਨੀ ਵਜੋਂ ਮਹਿਮਾਨਾਂ ਨੂੰ ਭੇਟ ਕੀਤੀਆਂ ਜਾਂਦੀਆਂ ਹਨ। ਹੈ ਕਿਸੇ ਨੂੰ ਸੰਗ ਸ਼ਰਮ? ਮੈਰਿਜ ਹਾਲਾਂ ਵਿਚ ਰੱਜ ਕੇ ਸ਼ਰਾਬਾਂ ਪੀਣ, ਮੀਟ ਮੱਛੀ ਤੇ ਹੋਰ ਖਾਣ ਪੀਣ ਦੀਆਂ ਵਸਤਾਂ ਦੀ ਖਾਣ ਪੀਣ ਨਾਲੋਂ ਵਧੇਰੇ ਜੂਠ ਛੱਡਣ, ਨੱਚਣ ਦੇ ਬਹਾਨੇ ਨੱਚਣ ਵਾਲੀਆਂ ਨੂੰ ਘੜੀਸੀ ਫਿਰਨ, ਗਾਉਣ ਵਾਲਿਆਂ 'ਤੇ ਗੋਲੀਆਂ ਚਲਾਉਣ, ਕਿਸੇ ਕੁੜੀ ਕੱਤਰੀ ਦੀ ਬਾਂਹ ਫੜ ਕੇ ਨੱਚਣ ਬਦਲੇ ਆਪਸ ਵਿਚ ਭਿੜਨ, ਖ਼ੂਨ ਵਹਾਉਣ ਤੇ ਦੁਸ਼ਮਣੀਆਂ ਪਾਉਣ ਵਾਲੇ ਵਿਆਹਾਂ ਬਿਨਾਂ ਕੀ ਥੁੜਿਆ ਪਿਐ? ਕਦੋਂ ਅਕਲ ਆਊ ਸਾਨੂੰ 'ਮਾਣਮੱਤੇ' ਪੰਜਾਬੀਆਂ ਨੂੰ?

ਇਕ ਰਿਪੋਰਟ ਅਨੁਸਾਰ ਲੁਧਿਆਣੇ ਦੇ ਆਲੇ ਦੁਆਲੇ 125 ਮੈਰਿਜ ਪੈਲਿਸ ਹਨ। ਪੰਜਾਬ 'ਚ ਮੈਰਿਜ ਪੈਲਸਾਂ ਦੀ ਕੁਲ ਗਿਣਤੀ 4500 ਹੈ। ਉਨ੍ਹਾਂ ਨੇ ਹਜ਼ਾਰਾਂ ਏਕੜ ਸਨਅਤੀ ਤੇ ਖੇਤੀਬਾੜੀ ਵਾਲੀ ਉਪਜਾਊ ਜ਼ਮੀਨ ਅਣਉਪਜਾਊ ਕਾਰਜਾਂ ਲਈ ਦੱਬ ਰੱਖੀ ਹੈ। ਡੇਰਿਆਂ ਨੇ ਵੀ ਹਜ਼ਾਰਾਂ ਏਕੜ ਜ਼ਮੀਨ ਮੱਲੀ ਹੋਈ ਹੈ। ਲੋਟੂ ਸਿਆਸਤਦਾਨਾਂ, ਭ੍ਰਿਸ਼ਟ ਅਫਸਰਾਂ ਅਤੇ ਮਾਫੀਆ ਗਰੁੱਪਾਂ ਦੇ ਨਜਾਇਜ਼ ਕਬਜ਼ੇ ਵਾਲੀਆਂ ਜ਼ਮੀਨਾਂ ਦਾ ਵੀ ਕੋਈ ਲੇਖਾ ਨਹੀਂ। ਜਿਸ ਰੰਗਲੇ ਪੰਜਾਬ ਦਾ ਇਹ ਹਾਲ ਹੈ ਉਸ ਕੰਗਲੇ ਪੰਜਾਬ ਦੀਆਂ ਅਗਲੀਆਂ ਪੀੜ੍ਹੀਆਂ ਰਹਿਣਗੀਆਂ ਕਿਥੇ ਤੇ ਜਾਣਗੀਆਂ ਕਿਥੇ?




CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Tes
* Notary Services
* International Driver Lic.
Lic. 600094

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਮੁਸਲਿਮ ਭਰਾਵਾਂ ਨੇ ਹਿੰਦੂ ਬਜ਼ੁਰਗ ਦੀ ਅਰਥੀ ਨੂੰ ਦਿੱਤਾ ਮੋਢਾ




ਰਾਂਚੀ, 7 ਦਸੰਬਰ (ਪੋਸਟ ਬਿਊਰੋ): ਝਾਰਖੰਡ ਦੇ ਗਿਰੀਡੀਹ ਜ਼ਿਲ੍ਹੇ ਦੇ ਜਮੂਆ 'ਚ ਜਦੋਂ ਇਕ ਬਜ਼ੁਰਗ ਹਿੰਦੂ ਦੀ ਅਰਥੀ ਚੁੱਕਣ ਵਾਲਾ ਕੋਈ ਨਹੀਂ ਸੀ ਤਾਂ ਉਸ ਦੇ ਪਿੰਡ ਦੇ ਮੁਸਲਮਾਨ ਭਰਾ ਅੱਗੇ ਆਏ। ਉਨ੍ਹਾਂ ਨੇ "ਰਾਮ-ਨਾਮ ਸੱਤਿਆ ਹੈ" ਦੇ ਜਾਪ ਨਾਲ ਅਰਥੀ ਨੂੰ ਚੁੱਕਿਆ ਅਤੇ ਸ਼ਮਸ਼ਾਨਘਾਟ ਵਿੱਚ ਉਸਦਾ ਅੰਤਿਮ ਸੰਸਕਾਰ ਕੀਤਾ। ਭਾਈਚਾਰੇ ਦੇ ਇਸ ਉਪਰਾਲੇ ਦੀ ਇਲਾਕੇ ਵਿਚ ਕਾਫੀ ਚਰਚਾ ਹੋ ਰਹੀ ਹੈ।

ਦਰਅਸਲ, ਜਮੂਆ ਬਲਾਕ ਹੈੱਡਕੁਆਰਟਰ ਤੋਂ ਕਰੀਬ ਦੋ ਕਿਲੋਮੀਟਰ ਦੂਰ ਕਾਜ਼ੀਮਗਾਹ ਪਿੰਡ ਵਿੱਚ 30-35 ਮੁਸਲਮਾਨ ਪਰਿਵਾਰਾਂ ਵਿਚੋਂ ਸਿਰਫ਼ ਇੱਕ ਹਿੰਦੂ ਪਰਿਵਾਰ ਰਹਿੰਦਾ ਹੈ। ਇਸ ਪਰਿਵਾਰ ਦੇ 90 ਸਾਲਾ ਜਾਗੋ ਰਵਿਦਾਸ ਦੀ ਬੁੱਧਵਾਰ ਨੂੰ ਮੌਤ ਹੋ ਗਈ। ਉਨ੍ਹਾਂ ਦੀ 85 ਸਾਲਾ ਪਤਨੀ ਰਾਧਿਆ ਦੇਵੀ ਘਰ ਵਿਚ ਇਕੱਲੀ ਹੈ। ਉਸ ਦਾ ਕੋਈ ਬੱਚਾ ਨਹੀਂ ਹੈ। ਜਾਗੋ ਰਵਿਦਾਸ ਦੇ ਦੇਹਾਂਤ ਦੀ ਸੂਚਨਾ ਮਿਲਦਿਆਂ ਹੀ ਉਨ੍ਹਾਂ ਦੇ ਮੁਸਲਮਾਨ ਗੁਆਂਢੀ ਅੱਗੇ ਆ ਗਏ। ਅਰਥੀ ਨੂੰ ਹਿੰਦੂ ਰੀਤੀ-ਰਿਵਾਜਾਂ ਅਨੁਸਾਰ ਸਜਾਇਆ ਗਿਆ ਅਤੇ ਸੰਗੀਤਕ ਸਾਜ਼ਾਂ ਨਾਲ ਅੰਤਿਮ ਯਾਤਰਾ ਕੱਢੀ ਗਈ। ਉਨ੍ਹਾਂ ਨੇ "ਰਾਮ-ਨਾਮ ਸਤਿਆ ਹੈ" ਦਾ ਜਾਪ ਵੀ ਕੀਤਾ।

# ਕਤਰ ਜੇਲ੍ਹ ਵਿੱਚ ਬੰਦ 8 ਸਾਬਕਾ ਭਾਰਤੀ ਜਲ ਸੈਨਿਕਾਂ ਨਾਲ ਭਾਰਤੀ ਰਾਜਦੂਤ ਵਿਪੁਲ ਨੇ ਕੀਤੀ ਮੁਲਾਕਾਤ

ਦੋਹਾ, 7 ਦਸੰਬਰ (ਪੋਸਟ ਬਿਊਰੋ): ਭਾਰਤੀ ਰਾਜਦੂਤ ਵਿਪੁਲ ਨੇ ਕਤਰ ਜੇਲ੍ਹ ਵਿੱਚ ਬੰਦ 8 ਸਾਬਕਾ ਭਾਰਤੀ ਜਲ ਸੈਨਿਕਾਂ ਨਾਲ ਮੁਲਾਕਾਤ ਕੀਤੀ ਹੈ। ਇਹ ਮੀਟਿੰਗ ਐਤਵਾਰ ਯਾਨੀ 3 ਦਸੰਬਰ ਨੂੰ ਹੋਈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ।

ਬਾਗਚੀ ਨੇ ਕਿਹਾ ਕਿ ਅਸੀਂ ਸਾਬਕਾ ਜਲ ਸੈਨਿਕਾਂ ਦੀ ਮੌਤ ਦੀ ਸਜ਼ਾ ਵਿਰੁੱਧ ਅਪੀਲ ਕੀਤੀ ਸੀ। ਇਸ ਤੋਂ ਬਾਅਦ ਦੋ ਵਾਰ ਸੁਣਵਾਈ ਹੋ ਚੁੱਕੀ ਹੈ। ਅਸੀਂ ਮਾਮਲੇ 'ਤੇ ਨਜ਼ਰ ਰੱਖ ਰਹੇ ਹਾਂ। ਉਨ੍ਹਾਂ ਨੂੰ ਹਰ ਤਰ੍ਹਾਂ ਦੀ ਕਾਨੂੰਨੀ ਅਤੇ ਕੌਂਸਲਰ ਮੱਦਦ ਮੁਹੱਈਆ ਕਰਵਾਈ ਜਾ ਰਹੀ ਹੈ। ਇਹ ਬਹੁਤ ਸੰਵੇਦਨਸ਼ੀਲ ਮਾਮਲਾ ਹੈ, ਇਸ ਲਈ ਜ਼ਿਆਦਾ ਜਾਣਕਾਰੀ ਨਹੀਂ ਦਿੱਤੀ ਜਾ ਸਕਦੀ।



ਇਸ ਤੋਂ ਪਹਿਲਾਂ 23 ਨਵੰਬਰ ਨੂੰ ਕਤਰ ਦੀ ਅਦਾਲਤ ਨੇ ਮਲਾਹਾਂ ਦੀ ਮੌਤ ਦੀ ਸਜ਼ਾ ਵਿਰੁੱਧ ਪਟੀਸ਼ਨ ਸਵੀਕਾਰ ਕਰ ਲਈ ਸੀ। ਭਾਰਤ ਸਰਕਾਰ ਨੇ ਕਰੀਬ ਇੱਕ ਮਹੀਨਾ ਪਹਿਲਾਂ ਸਾਬਕਾ ਮਰੀਨ ਦੀ ਸਜ਼ਾ ਖਿਲਾਫ਼ ਅਪੀਲ ਕੀਤੀ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ 9 ਨਵੰਬਰ ਨੂੰ ਅਪੀਲ ਦਾਇਰ ਕਰਨ ਦੀ ਜਾਣਕਾਰੀ ਦਿੱਤੀ ਸੀ।

ਉਨ੍ਹਾਂ ਕਿਹਾ ਸੀ ਕਿ ਭਾਰਤ ਨੂੰ ਇਨ੍ਹਾਂ ਸੈਨਿਕਾਂ ਨੂੰ ਮਿਲਣ ਲਈ ਦੂਜੀ ਕੌਂਸਲਰ ਪਹੁੰਚ ਵੀ ਮਿਲੀ ਹੈ। ਭਾਰਤ ਸਰਕਾਰ ਲਗਾਤਾਰ ਕਤਰ ਦੇ ਸੰਪਰਕ ਵਿੱਚ ਹੈ। ਕਤਰ ਵਿਚ ਜਿਨ੍ਹਾਂ 8 ਸਾਬਕਾ ਜਲ ਸੈਨਾ ਅਧਿਕਾਰੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ, ਉਨ੍ਹਾਂ ਦੇ ਨਾਮ ਹਨ- ਕੈਪਟਨ ਨਵਤੇਜ ਸਿੰਘ ਗਿੱਲ, ਕੈਪਟਨ ਸੌਰਭ ਵਸ਼ਿਸ਼ਟ, ਕੈਪਟਨ ਬੀਰੇਂਦਰ ਕੁਮਾਰ ਵਰਮਾ, ਕਮਾਂਡਰ ਪੂਰਨੇਂਦੂ ਤਿਵਾੜੀ, ਕਮਾਂਡਰ ਸੁਗਨ-ਾਕਰ ਪਕਾਲਾ, ਕਮਾਂਡਰ ਸੰਜੀਵ ਗੁਪਤਾ, ਕਮਾਂਡਰ ਅਮਿਤ ਨਾਗਪਾਲ ਅਤੇ ਮਲਾਹ ਰਾਗੇਸ਼।

# ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ: ਸੂਬਾ ਸਰਕਾਰ ਛੇਤੀ ਹੀ 100 ਹੋਰ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕਰੇਗੀ

## ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਕੰਮਕਾਜ ਦੀ ਪ੍ਰਗਤੀ ਦਾ ਜਾਇਜ਼ਾ ਲਿਆ



ਚੰਡੀਗੜ੍ਹ, 7 ਦਸੰਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਾਸੀਆਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਛੇਤੀ ਹੀ 100 ਹੋਰ ਆਮ ਆਦਮੀ ਕਲੀਨਿਕ ਸਮਰਪਿਤ ਕਰੇਗੀ।

ਅੱਜ ਇੱਥੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਕੰਮਕਾਜ ਦਾ ਜਾਇਜ਼ਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸੂਬੇ ਵਿਚ ਮੁੱਢਲੀ ਸਿਹਤ ਸੰਭਾਲ ਦੀ ਕਾਇਆਕਲਪ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਤੱਕ 664 ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ ਹਨ ਜਿੱਥੇ 84 ਜ਼ਰੂਰੀ ਦਵਾਈਆਂ ਅਤੇ 40 ਤੋਂ ਵੱਧ ਟੈਸਟਾਂ ਦੀ ਸਹੂਲਤ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਉਂਦੇ ਦਿਨਾਂ ਵਿਚ 100 ਹੋਰ ਕਲੀਨਿਕ ਲੋਕਾਂ ਨੂੰ ਸਮਰਪਿਤ ਕਰਨ ਨਾਲ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਈਆਂ ਜਾ ਸਕਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਸੂਬੇ ਵਿਚ ਸਿਹਤ ਸੰਭਾਲ ਢਾਂਚੇ ਨੂੰ ਮਜ਼ਬੂਤ ਕਰਨ ਵਿਚ ਵਰਦਾਨ ਸਾਬਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਲੀਨਿਕਾਂ ਦਾ ਹੁਣ ਤੱਕ 80 ਲੱਖ ਤੋਂ ਵੱਧ ਲੋਕਾਂ ਨੇ ਲਾਭ ਲਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਕਲੀਨਿਕਾਂ ਨੇ ਸਿਹਤ ਖੇਤਰ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਹੈ ਜਿਸ ਨਾਲ ਆਮ ਆਦਮੀ ਨੂੰ ਬਹੁਤ ਫਾਇਦਾ ਹੋਇਆ ਹੈ।

ਇੱਕ ਹੋਰ ਮੁੱਦੇ 'ਤੇ ਚਰਚਾ ਕਰਦਿਆਂ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸੂਬੇ ਵਿੱਚ ਨਵੇਂ ਬਣ ਰਹੇ ਮੈਡੀਕਲ ਕਾਲਜਾਂ ਨੂੰ ਚਾਲੂ ਕਰਨ ਲਈ ਪ੍ਰਕਿਰਿਆ ਵਿਚ ਤੇਜ਼ੀ ਲਿਆਉਣ ਲਈ ਆਖਿਆ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ 75 ਸਾਲਾਂ ਬਾਅਦ ਸੂਬੇ ਵਿਚ ਸਿਰਫ਼ ਤਿੰਨ ਮੈਡੀਕਲ ਕਾਲਜ ਖੁੱਲ੍ਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਆਉਂਦੇ ਇੱਕ ਸਾਲ ਵਿਚ ਸੂਬੇ ਵਿਚ ਪੰਜ ਹੋਰ ਮੈਡੀਕਲ ਕਾਲਜ ਖੋਲ੍ਹੇ ਜਾਣਗੇ।

ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਆਉਣ ਵਾਲੇ ਸਾਲਾਂ ਵਿਚ ਇਕ-ਇਕ ਮੈਡੀਕਲ ਕਾਲਜ ਸੂਬੇ ਦੇ ਹਰੇਕ ਜ਼ਿਲੇ ਵਿਚ ਖੁੱਲ੍ਹੇਗਾ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਆਮ ਆਦਮੀ ਇਸ ਦਾ ਲਾਭ ਉਠਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਸੂਬੇ ਦੇ ਵਿਦਿਆਰਥੀਆਂ ਨੂੰ ਮਿਆਰੀ ਇਲਾਜ ਅਤੇ ਡਾਕਟਰੀ ਸਿੱਖਿਆ ਪ੍ਰਦਾਨ ਕਰਨ ਵਿਚ ਮੱਦਦ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਦੇਸ਼ ਵਿਚ ਮੈਡੀਕਲ ਸਿੱਖਿਆ ਦਾ ਧੁਰਾ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਲੋਕਾਂ ਨੂੰ ਹਰ ਤਰ੍ਹਾਂ ਨਾਲ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸਿਹਤ ਖੇਤਰ ਸੂਬਾ ਸਰਕਾਰ ਦਾ ਪ੍ਰਮੁੱਖ ਖੇਤਰ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।
ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4'' tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090,
ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੰਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300


ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜ਼ਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com












Dr. Randhawa Dentistry
Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
Countryside Dr

Grand Upholstery Ltd
Sofa Company Originality in Every Piece
Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

# ਲੋਕਾਂ ਨੂੰ 10 ਦਸੰਬਰ ਤੋਂ ਘਰ ਬੈਠਿਆਂ ਮਿਲਣਗੀਆਂ 43 ਨਾਗਰਿਕ ਸੇਵਾਵਾਂ : ਮੁੱਖ ਮੰਤਰੀ

## ਮੁੱਖ ਮੰਤਰੀ ਨੇ ਸ੍ਰੀ ਫਤਹਿਗੜ੍ਹ ਸਾਹਿਬ ਤੇ ਬੱਸੀ ਪਠਾਣਾਂ ਦੇ ਸਾਂਝ ਕੇਂਦਰਾਂ ਦਾ ਕੀਤਾ ਅਚਨਚੇਤ ਦੌਰਾ





ਚੰਡੀਗੜ੍ਹ, 7 ਦਸੰਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਨੂੰ ਆਖਿਆ ਕਿ ਲੋਕਾਂ ਨੂੰ ਘਰੇ ਬੈਠਿਆਂ ਨਾਗਰਿਕ ਸੇਵਾਵਾਂ ਮੁਹੱਈਆ ਕਰਨ ਲਈ ਸੂਬਾ ਸਰਕਾਰ 10 ਦਸੰਬਰ ਨੂੰ 'ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ' ਸਕੀਮ ਦੀ ਸ਼ੁਰੂਆਤ ਕਰੇਗੀ।

ਸ੍ਰੀ ਫਤਹਿਗੜ੍ਹ ਸਾਹਿਬ ਤੇ ਬੱਸੀ ਪਠਾਣਾਂ ਦੇ ਸਾਂਝ ਕੇਂਦਰਾਂ ਦੇ ਅਚਨਚੇਤ ਦੌਰੇ ਉਤੇ ਪੁੱਜੇ ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਸੁਚਾਰੂ ਤਰੀਕੇ ਤੇ ਆਸਾਨੀ ਨਾਲ ਇਹ ਸੇਵਾਵਾਂ ਮੁਹੱਈਆ ਕਰਨ ਦੇ ਉਦੇਸ਼ ਨਾਲ ਇਹ ਕਦਮ ਚੁੱਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਘਰ-ਘਰ ਤੱਕ ਸੇਵਾਵਾਂ ਦੇਣ ਦੀ ਸ਼ੁਰੂਆਤ ਵਾਲੀ ਇਹ ਪਹਿਲਕਦਮੀ ਲੋਕਾਂ ਦੀ ਸਰਕਾਰੀ ਸੇਵਾਵਾਂ ਤੱਕ ਸਿੱਧੀ ਤੇ ਆਸਾਨ ਪਹੁੰਚ ਮੁਹੱਈਆ ਕਰਵਾਏਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਪਹਿਲਕਦਮੀ ਤਹਿਤ ਜਨਮ ਤੇ ਮੌਤ, ਆਮਦਨ, ਰਿਹਾਇਸ਼, ਜਾਤ ਤੇ ਪੈਨਸ਼ਨ ਦਾ ਸਰਟੀਫਿਕੇਟ, ਬਿਜਲੀ ਬਿੱਲਾਂ ਦੀ ਅਦਾਇਗੀ ਅਤੇ ਹੋਰ ਸੇਵਾਵਾਂ ਸੂਬੇ ਭਰ ਵਿੱਚ ਘਰ-ਘਰ ਤੱਕ ਮੁਹੱਈਆ ਹੋਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ 1076 ਨੰਬਰ ਹੈਲਪਲਾਈਨ ਉਤੇ ਕਾਲ ਕਰ ਕੇ ਆਪਣੀ ਸਹੂਲਤ ਮੁਤਾਬਕ ਸਮਾਂ ਦੇ ਕੇ ਇਹ ਸੇਵਾਵਾਂ ਲਈਆਂ ਜਾ ਸਕਣਗੀਆਂ। ਉਨ੍ਹਾਂ ਕਿਹਾ ਕਿ ਬਿਨੈਕਾਰ ਨੂੰ ਸਬੰਧਤ ਸੇਵਾ ਲੈਣ ਲਈ ਲੋੜੀਂਦੇ ਦਸਤਾਵੇਜ਼, ਫੀਸ ਅਤੇ ਹੋਰ ਸ਼ਰਤਾਂ ਬਾਰੇ ਦੱਸ ਦਿੱਤਾ ਜਾਵੇਗਾ, ਜਿਸ ਲਈ ਬਿਨੈਕਾਰ ਨੂੰ ਐਸ.ਐਮ.ਐਸ. ਪ੍ਰਾਪਤ ਹੋਵੇਗਾ, ਜਿਸ ਰਾਹੀਂ ਲੋੜੀਂਦੇ ਦਸਤਾਵੇਜ਼ਾਂ ਤੇ ਮਿਤੀ ਤੇ ਸਮੇਂ ਬਾਰੇ ਪਤਾ ਚੱਲੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਿਥੇ ਸਮੇਂ ਮੁਤਾਬਕ ਵਿਸ਼ੇਸ਼ ਸਿਖਲਾਈ ਪ੍ਰਾਪਤ ਮੁਲਾਜ਼ਮ ਟੈਬਲੈੱਟ ਲੈ ਕੇ ਸਬੰਧਤ ਬਿਨੈਕਾਰ ਦੇ ਘਰ ਜਾਂ ਦਫ਼ਤਰ ਜਾਣਗੇ ਅਤੇ ਸਾਰੀ ਲੋੜੀਂਦੀ ਕਾਗਜ਼ੀ ਪ੍ਰਕਿਰਿਆ ਪੂਰੀ ਕਰਨਗੇ ਤੇ ਫੀਸ ਜਮ੍ਹਾਂ ਕਰਨਗੇ। ਇਸ ਤੋਂ ਇਲਾਵਾ ਬਿਨੈਕਾਰ ਨੂੰ ਪਹੁੰਚ ਰਸੀਦ ਦਿੱਤੀ ਜਾਵੇਗੀ, ਜਿਸ ਰਾਹੀਂ ਉਹ ਆਪਣੀ ਅਰਜ਼ੀ ਉਤੇ ਚੱਲ ਰਹੀ ਪ੍ਰਕਿਰਿਆ ਬਾਰੇ ਜਾਣ ਸਕੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਸਕੀਮ ਨਾਲ ਨਾ ਸਿਰਫ਼ ਲੋਕਾਂ ਲਈ ਸਹੂਲਤ ਵਧੇਗੀ, ਸਗੋਂ ਇਸ ਨਾਲ ਪੈਸੇ ਲੈ ਕੇ ਕੰਮ ਕਰਵਾਉਣ ਵਾਲੇ ਵਿਚੋਲਿਆਂ ਦੀ ਭੂਮਿਕਾ ਖ਼ਤਮ ਹੋਵੇਗੀ ਅਤੇ ਪ੍ਰਸ਼ਾਸਨ ਵਿੱਚ ਪਾਰਦਰਸ਼ਤਾ ਤੇ ਕਾਰਜਕੁਸ਼ਲਤਾ ਆਵੇਗੀ। ਉਨ੍ਹਾਂ ਕਿਹਾ ਕਿ ਘਰੇ ਬੈਠਿਆਂ ਇਹ ਸਹੂਲਤ ਸੇਵਾ ਕੇਂਦਰਾਂ ਜਾਂ ਸਮਰਪਿਤ 1076 ਹੈਲਪਲਾਈਨ ਨੰਬਰ ਰਾਹੀਂ 10 ਦਸੰਬਰ 2023 ਤੋਂ ਬਾਅਦ ਲਈ ਜਾ ਸਕੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਦੀ ਸਹੂਲੀਅਤ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ ਤਾਂ ਕਿ ਉਨ੍ਹਾਂ ਦੇ ਰੋਜ਼ਾਨਾ ਦੇ ਪ੍ਰਸ਼ਾਸਕੀ ਕੰਮ ਆਸਾਨੀ ਨਾਲ ਨੇਪਰੇ ਚੜ੍ਹ ਸਕਣ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸ਼ਹੀਦ ਜੋੜ ਮੇਲ ਦੌਰਾਨ ਅਕੀਦਤ ਭੇਟ ਕਰਨ ਲਈ ਫਤਹਿਗੜ੍ਹ ਸਾਹਿਬ ਆਉਣ ਵਾਲੇ ਹਜ਼ਾਰਾਂ ਸ਼ਰਧਾਲੂਆਂ ਦੀ ਸਹੂਲਤ ਲਈ ਵਿਆਪਕ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਪਵਿੱਤਰ ਧਰਤੀ ਨਾ ਸਿਰਫ਼ ਸਿੱਖਾਂ, ਸਗੋਂ ਸਮੁੱਚੀ ਮਾਨਵਤਾ ਲਈ ਪ੍ਰੇਰਨਾ ਦਾ ਸਰੋਤ ਹੈ ਅਤੇ ਸਾਡੇ ਵਿੱਚੋਂ ਹਰ ਕੋਈ ਹਰੇਕ ਸਾਲ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜ਼ਰੀ ਦੀ ਸ਼ਹਾਦਤ ਅੱਗੇ ਸਿਰ ਝੁਕਾਉਣ ਲਈ ਇੱਥੇ ਪੁੱਜਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਸ਼ਹੀਦੀ ਜੋੜ ਮੇਲ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਨਿੱਜੀ ਤੌਰ 'ਤੇ ਇਸ ਕੰਮ ਦੀ ਨਿਗਰਾਨੀ ਕਰਨਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਕਾਰਜ ਨੂੰ ਸਮਾਂਬੱਧ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਪਵਿੱਤਰ ਧਰਤੀ 'ਤੇ ਮਾਤਾ ਗੁਜਰੀ ਜੀ ਸਮੇਤ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਦੀ ਸ਼ਹਾਦਤ ਨੇ ਯੁੱਗਾਂ ਤੋਂ ਪੰਜਾਬੀਆਂ ਨੂੰ ਅਨਿਆਂ, ਜਬਰ ਅਤੇ ਜ਼ੁਲਮ ਵਿਰੁੱਧ ਲੜਨ ਲਈ ਪ੍ਰੇਰਿਆ ਹੈ। ਉਨ੍ਹਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਵੱਲੋਂ ਨਿੱਕੀ ਉਮਰ ਵਿੱਚ ਜੋ ਮਹਾਨ ਕੁਰਬਾਨੀ ਦਿੱਤੀ ਗਈ ਹੈ, ਉਸ ਦੀ ਦੁਨੀਆ ਭਰ ਵਿੱਚ ਕੋਈ ਮਿਸਾਲ ਨਹੀਂ ਮਿਲਦੀ।

ਮੁੱਖ ਮੰਤਰੀ ਨੇ ਕਿਹਾ ਕਿ ਹਰ ਸਾਲ ਸ਼ਹੀਦੀ ਸਭਾ ਦੌਰਾਨ ਲੱਖਾਂ ਸ਼ਰਧਾਲੂ ਇਸ ਪਵਿੱਤਰ ਅਸਥਾਨ ਦੇ ਦਰਸ਼ਨਾਂ ਲਈ ਆਉਂਦੇ ਹਨ, ਇਸ ਲਈ ਸੂਬਾ ਸਰਕਾਰ ਵੱਲੋਂ ਇਸ ਨਗਰ ਦੀ ਮੁਕੰਮਲ ਰੂਪ ਵਿੱਚ ਨੁਹਾਰ ਬਦਲੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਪਵਿੱਤਰ ਅਸਥਾਨ 'ਤੇ ਆਉਣ ਵਾਲੇ ਸ਼ਰਧਾਲੂਆਂ ਨੂੰ ਸਹੂਲਤਾਂ ਮੁਹੱਈਆ ਕਰਵਾਉਣਾ ਸੂਬਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਸ਼ਰਧਾਲੂ ਨੂੰ ਯਾਤਰਾ ਦੌਰਾਨ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਇਸ ਲਈ ਬਣਦੀ ਵਿਵਹਾਰਕ ਵਿਵਸਥਾ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਦਸੰਬਰ ਦਾ ਮਹੀਨਾ, ਜਿਸ ਦੌਰਾਨ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਪਰਿਵਾਰ ਨੂੰ ਸ਼ਹੀਦ ਕੀਤਾ ਗਿਆ ਸੀ, ਸਮੁੱਚੀ ਮਨੁੱਖਤਾ ਲਈ ਸੋਗ ਦਾ ਮਹੀਨਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ 20 ਤੋਂ 30 ਦਸੰਬਰ ਤੱਕ ਕੋਈ ਵੀ ਖੁਸ਼ੀ ਦਾ ਸਮਾਗਮ ਨਹੀਂ ਕਰਵਾਏਗੀ। ਉਨ੍ਹਾਂ ਕਿਹਾ ਕਿ ਇਹ ਸੂਬਾ ਸਰਕਾਰ ਵੱਲੋਂ ਦਸਮੇਸ਼ ਪਿਤਾ ਦੇ ਪਰਿਵਾਰ ਦੀ ਮਹਾਨ ਕੁਰਬਾਨੀ ਨੂੰ ਨਿਮਾਣੀ ਜਿਹੀ ਸ਼ਰਧਾਜਲੀ ਹੋਵੇਗੀ।

LOCAL & LONG DISTANCE MOVING
H.K. MOVERS
VANCOUVER - CALGARY - EDMONTON - WINNIPEG - TORONTO - OTTAWA - MONTREAL
CANADA'S MOVING COMPANY


WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS
Best Business of 2023 ThreeBest Rated Excellence
Call: 416.524.6704
www.hkmovers.ca
2023 ThreeBest Rated Certificate OF EXCELLENCE THREE BEST RATED
SAFE, RELIABLE AND EFFICIENT SERVICE AT THE BEST RATES

# 72 hours.

## One thing you can't live without.




**Tap water - safe, reliable, and high quality.**

peelregion.ca/fp

Peel Region
working with you

URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

# JAG AUJLA

MCNE, REAL ESTATE BROKER

## 416-371-7777

e-mail: j.aujla@rogers.com or visit: www.jagaujla.com


MCNE

CALL JAG AUJLA FOR A QUICK & FREE HOME EVALUATION

www.BramptonTopRealtor.com


RECENTLY LISTED IN YOUR NEIGHBOURHOOD

**Brampton Ontario (Dir/Cross St:Kennedy/Bovaird)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਸੋਹਣਾ ਜਿਹਾ ਘਰ, 3 ਬੈਡਰੂਮ ਅਤੇ 4 ਵਾ-ਸ਼ਰੂਮ ਹਨ, ਫਿਨਿਸ਼ਡ ਬੇਸਮੈਂਟ, 1+1 ਕਿਚਨ, ਮੇਨ ਅਤੇ ਦੂਜੀ ਮੰਜ਼ਲ ਦੇ ਫਲੋਰ ਲੈਮੀਨੇਟਿਡ ਹਨ, ਮਾਸਟਰ ਬੈਡਰੂਮ ਵਿਚ 4 ਪੀਸੀ ਇਨ-ਸੂਟ ਅਤੇ ਵਾਕਿੰਗ ਕਲੋਜ਼ਟ, ਚਾਰਦਿਵਾਰੀ ਦੇ ਨਾਲ ਯਾਰਡ, ਅਤੇ ਹੋਰ ਵੀ ਬਹੁਤ ਕੁੱਝ।

**Brampton Ontario (Dir/Cross St:The Gore/Castlemore/Gardenbrok)**



ਖ਼ੂਬਸੂਰਤ ਡਿਟੈਚਡ ਘਰ, ਜਿਸ ਵਿਚ 4+2 ਬੈਡਰੂਮ + ਲੌਫਟ + 5 ਵਾਸ਼ਰੂਮ ਹਨ, ਫਿਨਿਸ਼ਡ ਬੇਸਮੈਂਟ ਅਲੱਗ ਇੰਟਰੈਂਸ ਦੇ ਨਾਲ, 1+1 ਕਿਚਨ, ਸਾਰੇ ਬੈਡਰੂਮਜ਼ ਵਿਚ ਲੈਮੀਨੇਟਡ ਫਲੋਰ, ਪ੍ਰਾਇਮਰੀ ਬੈਡਰੂਮ ਵਿਚ 5 ਪੀਸੀ ਇਨਸੂਟ ਅਤੇ ਵਾਕ ਇਨ ਕਲੋਜ਼ਟ, ਦੋ ਮਾਸਟਰ ਬੈਡਰੂਮ, ਪਾਠ/ਪੂਜਾ ਲਈ ਸਥਾਨ ਅਤੇ ਹੋਰ ਵੀ ਬਹੁਤ ਕੁੱਝ।

**Caledon Ontario (Dir/Cross St:Mayfield/ Mclaughlin/Tweedhill)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

**Brampton Ontario (Dir/Cross St:Bramalea/Father Tobin /Fernfor)**



ਰੈਂਪਟਨ ਵਿਚ 3000-3500 ਸਕੁਏਅਰ ਫੁੱਟ ਦਾ ਸੋਹਣਾ ਜਿਹਾ 3 ਸਟੋਰੀ ਡਿਟੈਚਟਡ ਘਰ, ਬਰੈਮਲੀ/ਫਾਦਰ ਟੌਬਿਨ/ਫਰਨਫੋਰ ਇੰਟਰਸੈਕਸ਼ਨ ਉਤੇ ਸਥਿਤ, 5+1 ਬੈਡਰੂਮਜ਼ + 5 ਵਾਸ਼ਰੂਮਜ਼, 2 ਫੈਮਿਲੀ ਰੂਮ ਅਤੇ 2 ਮਾਸਟਰ ਬੈਡਰੂਮਜ਼ ਦੇ ਨਾਲ, ਉਪਰਲੇ ਫਲੋਰ ਦੇ ਸਾਰੇ ਬੈਡਰੂਮਜ਼ ਲੈਮੀਨੇਟਡ, ਕੁਆਰਟਸ ਸੀ ਟਾਪ ਦੇ ਨਾਲ ਸੁੰਦਰ ਕਿਚਨ, ਗੈਰਾਜ ਤੋਂ ਡੋਰ ਐਂਟਰੀ, ਅੰਦਰ ਅਤੇ ਬਾਹਰ ਪੌਟ ਲਾਈਟਾਂ ਲੱਗੀਆਂ ਹੋਈਆਂ, ਦੂਸਰੇ ਫਲੋਰ ਉਤੇ ਲਾਉਂਡਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਸਾਊਂਡ ਸਿਸਟਮ ਦੇ ਨਾਲ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.
Ph:905-456-3232

JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT




# FRESH & LARGE VARIETY
## Bread, Dairy & Eggs
## Branded Foods
## Fruits & Vegetables
## Beverages & Confectionery
## Grocery & Staples
## Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017